11

# ਤੂਫ਼ਾਨ ਵਿੱਚੋਂ ਬਚ ਨਿੱਕਲਣਾ

## (27:21-28:2)

ਹਮਸਫ਼ਰਾਂ ਨਾਲ ਕੰਢੇ-ਕੰਢੇ ਕੈਸਰੀਆ ਤੋ ਉੱਤਰ ਵੱਲ ਨੂੰ ਪੌਲੁਸ ਦੇ ਰੋਮ ਦੇ ਸਮੁੰਦਰੀ ਸਫ਼ਰ ਸ਼ੁਰੂ 'ਚ ਕੋਈ ਘਟਨਾ ਨਹੀਂ ਵਾਪਰੀ। ਪਰ ਸੈਦਾ ਤੋਂ ਨਿੱਕਲ ਕੇ ਪੱਛਮ ਵੱਲ ਜਾਣ ਦੀ ਕੋਸ਼ਿਸ਼ ਕਰਨ ਵੇਲੇ ਉਲਟੀਆਂ ਹਵਾਵਾਂ ਤੇਜ਼ ਹੋ ਗਈਆਂ ਸਨ। ਕਈ ਹਫ਼ਤਿਆਂ ਬਾਅਦ ਥੋੜ੍ਹਾ ਅੱਗੇ ਨਿੱਕਲ ਕੇ ਉਹ ਕਰੇਤ ਦੇ ਟਾਪੂ ਵਿਚ ਦੱਖਣ ਵੱਲ ਨੂੰ ਰੁੜ੍ਹ ਗਏ, ਜਿੱਥੇ ਉਨ੍ਹਾਂ ਨੂੰ ਸੁੰਦਰ ਘਾਟ ਵਿਚ ਥੋੜ੍ਹੀ ਦੇਰ ਲਈ ਆਸਰਾ ਮਿਲਿਆ। ਜਦ ਉਨ੍ਹਾਂ ਨੇ ਕਿਸੇ ਹੋਰ ਸੁਖਾਵੀਂ ਬੰਦਰਗਾਹ ਵੱਲ ਨੂੰ ਜਾਣ ਦੀ ਕੋਸ਼ਿਸ਼ ਕੀਤੀ ਤਾਂ ਅਜਿਹੇ ਤੂਫ਼ਾਨ ਵਿਚ ਫ਼ਸ ਗਏ ਜੋ ਖ਼ਤਮ ਹੁੰਦਾ ਨਜ਼ਰ ਨਹੀਂ ਆ ਰਿਹਾ ਸੀ।

> ਉਨ੍ਹਾਂ ਤਕਲੀਫ਼ਦੇਹ ਦਿਨਾਂ, ਭਿਆਨਕ ਰਾਤਾਂ ਵਿਚ ਉਹ ਪਹਾੜ ਵਰਗੀਆਂ ਲਹਿਰਾਂ ਵਿਚ ਚੁੱਕੇ ਜਾਂਦੇ ਅਤੇ ਡਿੱਗ ਜਾਂਦੇ ਸਨ। ਸੰਘਣੇ ਕਾਲੇ ਬੱਦਲ ਕੁਝ ਵੀ ਸੋਚਣ ਨਹੀਂ ਦੇ ਰਹੇ ਸਨ: ਜਹਾਜ਼ ਦੇ ਕੈਪਟਨ ਨੂੰ ਜਹਾਜ਼ ਦੀ ਸਥਿਤੀ ਦਾ ਪਤਾ ਨਹੀਂ ਲੱਗ ਰਿਹਾ ਸੀ। ... ਕਣਕ ਦਾ ਮੁੱਖ ਸਮਾਨ ਪੂਰੀ ਤਰ੍ਹਾਂ ਜਹਾਜ਼ ਨੂੰ ਪਾਣੀ ਵਿਚ ਡੋਬ ਰਿਹਾ ਸੀ ਕਿਉਂਕਿ ਬੋਰੀਆਂ ਭਿੱਜ ਕੇ ਐਨੀਆਂ ਭਾਰੀਆਂ ਹੋ ਚੁੱਕੀਆਂ ਸਨ ਕਿ ਡੁੱਬ ਰਹੇ ਜਹਾਜ਼ ਵਿਚ ਹਿੱਲ ਵੀ ਨਹੀਂ ਸਕਦੀਆਂ ਸਨ, ਅਤੇ ਉਨ੍ਹਾਂ ਦਾ ਭਾਰ ਵਧਦਾ ਹੀ ਜਾ ਰਿਹਾ ਸੀ।
>
> ਤੂਫ਼ਾਨ ਦੇ 11ਵੇਂ ਜਾਂ 12ਵੇਂ ਦਿਨ ਤਕ ਪਾਣੀ ਦਾ ਪੱਧਰ ਉੱਪਰ ਆਉਂਦਾ ਜਾ ਰਿਹਾ ਸੀ, ਜਹਾਜ਼ ਹੇਠਾਂ ਜਾਂਦਾ ਸੀ ਅਤੇ ''ਬਚਣ ਦੀ ਸਾਰੀ ਆਸ ਜਾਂਦੀ ਰਹੀ ਸੀ।'' ਸਾਫ ਲੱਗ ਰਿਹਾ ਸੀ ਕਿ ਪਾਣੀ ਭਰਨ ਨਾਲ ਜਹਾਜ਼ ਕਿਸੇ ਵੀ ਵੇਲੇ ਡੁੱਬ ਸਕਦਾ ਹੈ, ਤੂਫ਼ਾਨ ਘਟ ਵੀ ਜਾਂਦਾ ਤਾਂ ਵੀ ਵੱਧ ਤੋਂ ਵੱਧ ਥੋੜ੍ਹੇ ਦਿਨਾਂ ਦੀ ਹੀ ਗੱਲ ਸੀ ਅਤੇ ਜੇ ਉਹ ਜਹਾਜ਼ ਨੂੰ ਛੱਡ ਜਾਂਦੇ ਤਾਂ ਇਹਦਾ ਮਤਲਬ ਸਭ ਲੋਕਾਂ ਦਾ ਨਾਸ ਹੋਣਾ ਸੀ।[1]

ਤੁਹਾਡੇ ਵਿੱਚੋਂ ਕਈਆਂ ਨੂੰ ਤਾਂ ਤਜਰਬਾ ਵੀ ਹੈ ਕਿ ਉਨ੍ਹਾਂ ਨੂੰ ਕਿਵੇਂ ਲੱਗਾ ਹੋਵੇਗਾ। ਤੂਫ਼ਾਨ ਹਰ ਕਿਸੇ ਦੀ ਜ਼ਿੰਦਗੀ ਵਿਚ ਆਉਂਦੇ ਹਨ, ਘਰੇਲੂ ਤੂਫ਼ਾਨ ਹੋ ਸਕਦੇ ਹਨ, ਮਾਲੀ ਜਾਂ ਵਪਾਰਕ ਤੂਫ਼ਾਨ ਵੀ ਹੋ ਸਕਦੇ ਹਨ। ਡਾਕਟਰ ਤੋਂ ਮਾੜੀ ਰਿਪੋਰਟ ਮਿਲਣ 'ਤੇ, ਬੱਚਿਆਂ ਵੱਲੋਂ ਸਾਡਾ ਵਿਸ਼ਵਾਸ ਤੋੜਨ ਜਾਂ ਧੋਖਾ ਮਿਲਣ 'ਤੇ ਸਾਡੇ ਅੰਦਰ ਤੂਫ਼ਾਨ ਬੜੇ ਜ਼ੋਰ ਨਾਲ ਆਉਂਦੇ ਹਨ। ਤੁਹਾਡੇ ਵਿੱਚੋਂ ਕਈਆਂ ਨੂੰ ਪਤਾ ਹੈ ਕਿ ਉਮੀਦ ਛੱਡਣ ਦਾ ਕੀ ਮਤਲਬ ਹੈ।

ਪੌਲੁਸ ਦੀ ਰੋਮ ਦੇ ਸਫ਼ਰ ਦੀ ਕਹਾਣੀ ਸ਼ੁਰੂ ਕਰਨ ਵੇਲੇ ਅਸੀਂ ਉਲਟ ਹਵਾਵਾਂ ਤੇ ਤੂਫ਼ਾਨ 'ਤੇ ਜ਼ੋਰ ਦਿੱਤਾ ਸੀ। ਹੁਣ ਆਓ ਵੇਖੀਏ ਕਿ ਪੌਲੁਸ ਕਿਵੇਂ ਤੂਫ਼ਾਨ ਵਿੱਚੋਂ ਬਚ ਨਿੱਕਲਿਆ ਅਤੇ

ਤੁਸੀਂ ਜ਼ਿੰਦਗੀ ਦੇ ਤੂਫ਼ਾਨਾਂ ਵਿੱਚੋਂ ਕਿਵੇਂ ਬਚ ਨਿੱਕਲਦੇ ਹੋ। ਜਦ ਜ਼ਿੰਦਗੀ ਵਿਚ ਤੂਫ਼ਾਨ ਆਉਣ ਤਾਂ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਇਕੱਲੇ ਨਹੀਂ ਹੋ।

## ਸੰਭਾਵਨਾ ਦੀ ਉਮੀਦ ਕਰੋ[2]

ਜ਼ਿੰਦਗੀ ਦੇ ਤੂਫ਼ਾਨਾਂ ਵਿੱਚੋਂ ਬਚ ਨਿੱਕਲਣਾ ਹੋਵੇ, ਤਾਂ ਤੁਹਾਨੂੰ ਇਸ ਹਕੀਕਤ ਲਈ ਦਿਮਾਗ਼ੀ ਤੌਰ 'ਤੇ ਤਿਆਰ ਰਹਿਣਾ ਚਾਹੀਦਾ ਹੈ ਕਿ ਤੂਫ਼ਾਨ ਤਾਂ ਆਉਣਗੇ। ਭਾਵੇਂ ਪੌਲੁਸ ਉੱਥੇ ਹੀ ਸੀ ਜਿੱਥੇ ਉਹਨੂੰ ਹੋਣਾ ਚਾਹੀਦਾ ਸੀ। ਭਾਵ ਉਹ ਯਿਸੂ ਨਾਮ ਦੀ ਗਵਾਹੀ ਦੇਣ ਲਈ ਰੋਮ ਦੇ ਰਾਹ ਵਿਚ ਸੀ, ਫਿਰ ਵੀ ਉਲਟ ਹਵਾਵਾਂ ਚੱਲੀਆਂ। ਅਖ਼ੀਰ ਤੂਫ਼ਾਨ ਆ ਗਿਆ। ਧਰਮੀ ਹੋਵੇ ਜਾਂ ਕੁਧਰਮੀ ਮੀਂਹ ਸਭ 'ਤੇ ਪੈਂਦਾ ਹੈ (ਮੱਤੀ 5:45); ਤੂਫ਼ਾਨ ਚੰਗੇ ਮਾੜੇ ਸਭ ਤਰ੍ਹਾਂ ਦੇ ਲੋਕਾਂ 'ਤੇ ਆਉਂਦੇ ਹਨ। ਤੂਫ਼ਾਨਾਂ ਦੇ ਆਉਣ ਦਾ ਮਤਲਬ ਇਹ ਨਹੀਂ ਕਿ ਖ਼ੁਦਾ ਨੇ ਤੁਹਾਨੂੰ ਛੱਡ ਦਿੱਤਾ ਹੈ। ਉਹ ਤਾਂ ਜ਼ਿੰਦਗੀ ਦਾ ਹਿੱਸਾ ਹਨ ਜੋ ਕਦੇ-ਕਦੇ ਤੁਹਾਨੂੰ ਹੋਰ ਸਵਾਰਨ ਲਈ ਖ਼ੁਦਾ ਦੀ ਯੋਜਨਾ ਦੇ ਰੂਪ ਵਿਚ ਆਉਂਦੇ ਹਨ। ਜੇ ਉਹ ਤੁਹਾਨੂੰ ਝੁਕਣ ਲਈ ਮਜਬੂਰ ਕਰਦੇ ਹਨ, ਤਾਂ ਸ਼ਾਇਦ ਤੁਹਾਨੂੰ ਝੁਕਣ ਦੀ ਹੀ ਲੋੜ ਹੈ।

## ਵਾਅਦੇ ਜ਼ਾਹਿਰ ਕਰੋ (27:21-26)

ਜਦ ਨਿਰਾਸ਼ਾ ਨੇ ਪੌਲੁਸ ਨੂੰ ਗੋਡਿਆਂ ਭਾਰ ਹੋਣ ਲਈ ਮਜਬੂਰ ਕਰ ਦਿੱਤਾ, ਤਾਂ ਉਹ ਦੁਆ ਕਰਨ ਲੱਗ ਪਿਆ। ਨਿਰਾਸ਼ਾ ਦੀ ਰਾਤ ਵਿਚ ਉਸ ਨੂੰ ਖ਼ੁਦਾ ਵੱਲੋਂ ਇਕ ਵਾਅਦਾ ਮਿਲਿਆ। ਅਸੀਂ ਕਹਾਣੀ ਨੂੰ ਅਗਲੀ ਸਵੇਰ ਵੱਲ ਲੈ ਜਾਂਦੇ ਹਾਂ ਜਿੱਥੇ ਪੌਲੁਸ ਨੂੰ ਆਸ ਦਾ ਸੁਨੇਹਾ ਦੂਜਿਆਂ ਨੂੰ ਦੇਣ ਦੀ ਕਾਹਲੀ ਸੀ: ''ਪੌਲੁਸ ਉਨ੍ਹਾਂ ਦੇ ਵਿਚ ਖਲੋ ਕੇ ਬੋਲਿਆ ਕਿ ਹੇ ਪੁਰਖੋ, ਤੁਹਾਨੂੰ ਚਾਹੀਦਾ ਸੀ ਜੋ ਮੇਰੀ ਗੱਲ ਮੰਨ ਕੇ ਕਰੇਤ ਤੋਂ ਜਹਾਜ਼ ਨਾ ਖੋਲ੍ਹਦੇ ਤਾਂ ਇਹ ਬੁਰਾ ਹਾਲ ਅਤੇ ਘਾਟਾ ਨਾ ਹੁੰਦਾ'' (ਆਇਤ 21ਅ)। (ਪੌਲੁਸ ਦਾ ਮਕਸਦ ਉਨ੍ਹਾਂ ਨੂੰ ਡਾਂਟਣਾਂ ਨਹੀਂ ਸਗੋਂ ਉਨ੍ਹਾਂ ਨੂੰ ਇਹ ਅਰਜ਼ ਕਰਨਾ ਸੀ ਕਿ ਓਸੇ ਗ਼ਲਤੀ ਨੂੰ ਫੇਰ ਨਾ ਕਰਨ।) ਫਿਰ ਤੂਫ਼ਾਨ ਦੇ ਰੌਲੇ ਨਾਲੋਂ ਵੀ ਉੱਚੀ ਅਵਾਜ਼ ਵਿਚ ਉਹਦੇ ਉਮੀਦ ਭਰੇ ਸ਼ਬਦਾਂ ਦੀ ਗੂੰਜ ਆਈ:

> ਹੁਣ ਮੈਂ ਤੁਹਾਨੂੰ ਸਮਝਾਉਂਦਾ ਹਾਂ ਭਈ ਤੁਸੀਂ ਹੌਸਲਾ ਰੱਖੋ ਕਿਉਂਕਿ ਤੁਹਾਡੇ ਵਿੱਚੋਂ ਕਿਸੇ ਦੀ ਜਾਨ ਦਾ ਨੁਕਸਾਨ ਨਾ ਹੋਵੇਗਾ ਪਰ ਨਿਰਾ ਜਹਾਜ਼ ਦਾ। ਇਸ ਲਈ ਕਿ ਉਹ ਪ੍ਰਮੇਸ਼ਵਰ ਜਿਹ ਦਾ ਮੈਂ ਹਾਂ ਅਤੇ ਜਿਸ ਦੀ ਸੇਵਾ ਵੀ ਕਰਦਾ ਹਾਂ ਉਹ ਦਾ ਦੂਤ ਅੱਜ ਰਾਤ[3] ਮੇਰੇ ਕੋਲ ਆਣ ਖਲੋਤਾ। ਅਤੇ ਬੋਲਿਆ ਕਿ ਪੌਲੁਸ, ਨਾ ਡਰ! ਜ਼ਰੂਰ ਹੈ ਜੋ ਤੂੰ ਕੈਸਰ ਦੇ ਅੱਗੇ ਹਾਜ਼ਰ ਹੋਵੇਂ[4] ਅਤੇ ਵੇਖ ਪ੍ਰਮੇਸ਼ਵਰ ਨੇ ਸਭਨਾਂ ਨੂੰ ਜੋ ਤੇਰੇ ਨਾਲ ਜਹਾਜ਼ ਵਿਚ ਹਨ ਤੈਨੂੰ ਬਖ਼ਸ਼ ਦਿੱਤਾ ਹੈ। ਉਪਰੰਤ ਹੇ ਪੁਰਖੋ, ਹੌਸਲਾ ਰੱਖੋ ਕਿਉਂ ਜੋ ਮੈਂ ਪ੍ਰਮੇਸ਼ਵਰ ਦੀ ਪ੍ਰਤੀਤ ਕਰਦਾ ਹਾਂ ਭਈ ਜਿਹਾ ਮੈਨੂੰ ਕਿਹਾ ਗਿਆ ਹੈ ਤਿਹਾ ਹੀ ਹੋਵੇਗਾ! (ਆਇਤਾਂ 22-25)।

ਸਾਫ਼ ਹੈ ਕਿ ਪੌਲੁਸ ਆਪਣੀ ਹੀ ਹਿਫ਼ਾਜ਼ਤ ਲਈ ਹੀ ਨਹੀਂ ਸਗੋਂ ਜਹਾਜ਼ ਦੇ ਸਭ ਲੋਕਾਂ ਦੀ ਹਿਫ਼ਾਜ਼ਤ ਲਈ ਦੁਆ ਕਰ ਰਿਹਾ ਸੀ ਅਤੇ ਖ਼ੁਦਾ ਨੇ ਉਹਦੀ ਦੁਆ ਦਾ ਜਵਾਬ ਵੀ ਦਿੱਤਾ।[5] ਜਦ ਤੁਸੀਂ ਤੂਫ਼ਾਨ ਵਿਚ ਘਿਰ ਜਾਓ ਤਾਂ ਯਾਦ ਰੱਖੋ ਕਿ ਜ਼ਿੰਦਗੀ ਵਿਚ ਤੁਸੀਂ ਹੀ ਪਰੇਸ਼ਾਨ

ਨਹੀਂ ਹੋ (1 ਕੁਰਿੰਥੀਆਂ 10:13)। ਆਪਣੇ ਨਾਲ-ਨਾਲ ਦੂਜਿਆਂ ਲਈ ਵੀ ਦੁਆ ਕਰੋ (ਯਾਕੂਬ 5:16); ਖ਼ੁਦਗਰਜ਼ ਹੋਣ ਨਾਲੋਂ ਵਧ ਕੇ ਕੋਈ ਹੋਰ ਚੀਜ਼ ਆਦਮੀ ਨੂੰ ਡੁਬੋ ਨਹੀਂ ਸਕਦੀ।

ਖ਼ੁਦਾ ਦੇ ਵਾਅਦੇ ਵਿਚ ਚੰਗੀ ਖ਼ਬਰ ਵੀ ਸੀ ਅਤੇ ਮਾੜੀ ਵੀ। ਭਾਵ ਉਨ੍ਹਾਂ ਦੀ ਜਾਨ ਤਾਂ ਬਖ਼ਸ਼ੀ ਜਾਣੀ ਸੀ, ਪਰ ਜਹਾਜ਼ ਡੁੱਬ ਜਾਣਾ ਸੀ। ਪੌਲੁਸ ਨੇ ਅੱਗੇ ਕਿਹਾ, ''ਪਰ ਕਿਸੇ ਟਾਪੂ ਵਿਚ ਅਸੀਂ ਜ਼ਰੂਰ ਜਾ ਪਵਾਂਗੇ'' (ਆਇਤ 26)। ਖ਼ੁਦਾ ਨੇ ਵਾਅਦਾ ਕੀਤਾ ਸੀ ਕਿ ਉਹ ਬਚ ਜਾਣਗੇ, ਪਰ ਇਹਦਾ ਮਤਲਬ ਇਹ ਨਹੀਂ ਸੀ ਕਿ ਉਹ ਅਸਾਨੀ ਨਾਲ ਬਚ ਜਾਣਗੇ। ਮੁਸ਼ਕਿਲ ਸਮਾਂ ਆਉਣ ਵਾਲਾ ਸੀ, ਪਰ ਖ਼ੁਦਾ ਦੇ ਵਾਅਦੇ ਨੇ ਉਨ੍ਹਾਂ ਨੂੰ ਕਾਇਮ ਰੱਖਣਾ ਸੀ।

ਖ਼ੁਦਾ ਕੋਲ ਸਾਡੇ ਲਈ ਆਸ ਦਾ ਸੁਨੇਹਾ ਹੈ। ਤੁਹਾਨੂੰ ਅਤੇ ਮੈਨੂੰ ਪੌਲੁਸ ਵਾਂਗ ਫ਼ਰਿਸ਼ਤੇ ਦਾ ਦਰਸ਼ਨ ਨਹੀਂ ਹੋਵੇਗਾ, ਪਰ ਸਾਡੇ ਕੋਲ ਖ਼ੁਦਾ ਦੇ ''ਅਮੋਲਕ ਅਤੇ ਵੱਡੇ-ਵੱਡੇ ਵਾਅਦੇ'' ਹਨ (2 ਪਤਰਸ 1:4; ਇਬਰਾਨੀਆਂ 8:6 ਵੀ ਵੇਖੋ) ਅਤੇ ਉਹਦਾ ਸੰਦੇਸ਼ ਉਹੀ ਰਹਿੰਦਾ ਹੈ ਕਿ ''ਹੌਸਲਾ ਰੱਖ'' (ਜ਼ਬੂਰ 27:14; ਯੂਹੰਨਾ 16:33)! ਮੁਸ਼ਕਿਲ ਇਹ ਨਹੀਂ ਕਿ ਪ੍ਰਭੂ ਨੇ ਸਾਨੂੰ ਬਿਨਾਂ ਦਿਲਾਸਾ ਦਿੱਤੇ ਛੱਡ ਦਿੱਤਾ ਹੈ।[6] ਮੁਸ਼ਕਿਲ ਇਹ ਹੈ ਕਿ ਬਹੁਤੀ ਵਾਰ ਸਾਨੂੰ ਪੌਲੁਸ ਵਰਗਾ ਵਿਸ਼ਵਾਸ ਨਹੀਂ ਹੁੰਦਾ ਜਿਸਨੇ ਕਿਹਾ ਸੀ ਕਿ, ''ਮੈਂ ਪ੍ਰਮੇਸ਼ਵਰ ਦੀ ਪ੍ਰਤੀਤ ਕਰਦਾ ਹਾਂ ਭਈ ਜਿਹਾ ਮੈਨੂੰ ਕਿਹਾ ਗਿਆ ਹੈ, ਤਿਹਾ ਹੀ ਹੋਵੇਗਾ'' (ਰਸੂਲਾਂ ਦੇ ਕੰਮ 27:25ੳ; ਯੂਹੰਨਾ 20:27 ਵੀ ਵੇਖੋ)।

ਜ਼ਿੰਦਗੀ ਦੇ ਤੂਫ਼ਾਨਾਂ ਵਿੱਚੋਂ ਬਚ ਨਿੱਕਲਣ ਲਈ ਸਾਨੂੰ ਖ਼ੁਦਾ ਦੇ ਵਾਅਦੇ ਜ਼ਾਹਰ ਕਰਨ ਦੀ ਲੋੜ ਹੈ। ਪਹਿਲਾਂ ਸਾਨੂੰ ਆਪਣੇ ਮਨਾਂ ਅਤੇ ਦਿਲਾਂ ਵਿਚ ਉਨ੍ਹਾਂ ਨੂੰ ਛਾਪਣ ਲਈ ਬਾਰ-ਬਾਰ ਆਪਣੇ ਆਪ ਨੂੰ ਉਹ ਵਾਅਦੇ ਯਾਦ ਕਰਾਉਣੇ ਪੈਣਗੇ। ਉਨ੍ਹਾਂ ਨੂੰ ਲਿਖ ਕੇ ਕਿਸੇ ਅਜਿਹੀ ਥਾਂ ਲਾਈਏ ਜਿੱਥੋਂ ਉਨ੍ਹਾਂ ਨੂੰ ਹਰ ਰੋਜ਼ ਵੇਖ ਸਕੀਏ। ਫਿਰ, ਜਿਵੇਂ ਪੌਲੁਸ ਦੇ ਕਹਿਣ ਵਾਂਗ, ਉਨ੍ਹਾਂ ਵਾਅਦਿਆਂ ਨੂੰ ਦੂਜਿਆਂ ਨੂੰ ਵੀ ਦੱਸੀਏ।

ਉਨ੍ਹਾਂ ਵਾਅਦਿਆਂ ਨੂੰ ਹੋਰਨਾਂ ਨੂੰ ਦੱਸਣ ਨਾਲ ਭਲਾ ਸਾਡੀਆਂ ਮੁਸ਼ਕਿਲਾਂ ਧੂੰਏਂ ਵਾਂਗ ਗਾਇਬ ਹੋ ਜਾਣਗੀਆਂ? ਸ਼ਾਇਦ ਨਹੀਂ। ਪੌਲੁਸ ਵੱਲੋਂ ਖ਼ੁਦਾ ਦੇ ਆਸ ਦਾ ਸੁਨੇਹਾ ਦੇਣ ਨਾਲ ਸਮੁੰਦਰ ਥੰਮ੍ਹਿਆ ਨਹੀਂ ਸੀ। ਬੱਦਲ ਪਾਟੇ ਨਹੀਂ ਸਨ ਕਿ ਮਲਾਹ ਆਪਣੀ ਦਿਸ਼ਾ ਵੱਲ ਨੂੰ ਮੁੜ ਸਕਦੇ। ਵੇਖਣ ਨੂੰ ਕੁਝ ਵੀ ਬਦਲਿਆ ਨਹੀਂ ਸੀ ਕਿਉਂਕਿ ਤੂਫ਼ਾਨ ਹੋਰ ਤੇਜ਼ ਹੁੰਦਾ ਗਿਆ। ਬਦਲਾਅ *ਅੰਦਰੋਂ* ਭਾਵ ਵਿਹਾਰ ਵਿਚ ਆਇਆ ਸੀ। ਯਕੀਨਨ ਹੀ ਇਸ ਬਦਲਾਅ ਨੇ ਪੌਲੁਸ ਲਈ ਅਤੇ ਉਨ੍ਹਾਂ ਲਈ ਜਿਨ੍ਹਾਂ ਵਿਸ਼ਵਾਸ ਕੀਤਾ, ਦੁਨੀਆਂ ਹੀ ਬਦਲ ਦਿੱਤੀ ਸੀ। ਜਦ ਤੁਸੀਂ ਅਤੇ ਮੈਂ ਜ਼ਿੰਦਗੀ ਦੇ ਤੂਫ਼ਾਨਾਂ ਵਿਚ ਪ੍ਰਭੂ ਦਾ ਵਾਅਦਿਆਂ ਵਿਚ ਭਰੋਸਾ ਰੱਖਦੇ ਹਾਂ ਤਾਂ ਬਾਹਰੋਂ ਕੁਝ ਨਹੀਂ ਬਦਲਦਾ, ਹਾਲਾਤ ਲਗਭਗ ਉਹੋ ਜਿਹੇ ਹੀ ਰਹਿੰਦੇ ਹਨ। ਅਸਲੀ ਬਦਲਾਅ ਅੰਦਰੋਂ ਹੁੰਦਾ ਹੈ। ਭਾਵ ਸਾਨੂੰ ''ਪ੍ਰਮੇਸ਼ਵਰ ਦੀ ਸ਼ਾਂਤੀ ਜੋ ਸਾਰੀ ਸਮਝ ਤੋਂ ਪਰ੍ਹੇ ਹੈ'' ਮਿਲਦੀ ਹੈ (ਫ਼ਿਲਿੱਪੀਆਂ 4:7ੳ)।

## ਮੌਜੂਦਗੀ ਵਿਖਾਓ (27:27-37)

ਫ਼ਰਿਸ਼ਤੇ ਨੇ ਪੌਲੁਸ ਨੂੰ ਦੱਸਿਆ ਸੀ ਕਿ ਜਹਾਜ਼ ''ਕਿਸੇ ਟਾਪੂ ਵਿਚ ਜਾ ਪਵੇਗਾ'' (ਆਇਤ 26)। ਉਹ ਉੱਥੋਂ ਜਿੱਥੇ ਪਹਿਲਾਂ ਤੂਫ਼ਾਨ ਵਿਚ ਘਿਰੇ ਸਨ ਪੰਜ ਸੌ ਜਾਂ ਵੱਧ ਮੀਲ ਪੱਛਮ ਵੱਲ ਮਾਲਟਾ ''ਟਾਪੂ'' ਸੀ (28:1)। ਇਸ ਕਿਤਾਬ ਵਿਚ ''ਪੌਲੁਸ ਦਾ ਰੋਮ ਦਾ

ਸਫ਼ਰ'' ਵਾਲਾ ਨਕਸ਼ਾ ਵੇਖੋ; ਮਾਲਟਾ ਭੂ-ਮੱਧ ਸਾਗਰ ਵਿਚ ਇਕ ਪੁਆਇੰਟ ਹੈ। ਡੱਕੋ-ਡਿੱਲੇ ਖਾਂਦੇ (27:27), ਉਹ ਜਹਾਜ਼ ਜ਼ਮੀਨ ਦੇ ਉਸ ਛੋਟੇ ਜਿਹੇ ਹਿੱਸੇ 'ਤੇ ਕਿਵੇਂ ਰੁਕਿਆ ਹੋਵੇਗਾ? ਖ਼ੁਦਾ ਉਹਦਾ ਮਲਾਹ ਸੀ। ਇਸ ਕਰਕੇ ਖ਼ੁਦਾ ਉਸੇ ਹਵਾ ਦੀ ਵਰਤੋਂ ਕਰ ਰਿਹਾ ਸੀ ਜਿਸ ਨੇ ਜਹਾਜ਼ ਅਤੇ ਇਸਦੇ ਮੁਸਾਫ਼ਰਾਂ ਨੂੰ ਮੰਜ਼ਿਲ ਤਕ ਜਾਣ ਲਈ ਬਰਬਾਦੀ ਦੇ ਖ਼ਤਰੇ ਵਿਚ ਪਾਇਆ ਸੀ (ਰੋਮੀਆਂ 8:28)। ਖ਼ੁਦਾ ਆਪਣਿਆਂ ਨੂੰ ਨਹੀਂ ਛੱਡਦਾ; ਉਹ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਕਾਰਜ ਕਰਦਾ ਰਹਿੰਦਾ ਹੈ।

''ਜਾਂ ਚੌਦ੍ਹਵੀਂ ਰਾਤ ਆਈ ਅਤੇ ਅਸੀਂ ਅਦਰੀਆ ਸਮੁੰਦਰ[7] ਵਿਚ ਇੱਧਰ-ਉੱਧਰ ਰੁੜ੍ਹਦੇ ਸਾਂ ਤਾਂ ਅੱਧੀ ਕੁ ਰਾਤੀਂ ਮਲਾਹਾਂ ਨੇ ਅਟਕਲ ਨਾਲ ਜਾਚਿਆ ਭਈ ਅਸੀਂ ਕਿਸੇ ਦੇਸ਼ ਦੇ ਨੇੜੇ ਆ ਢੁੱਕੇ ਹਾਂ'' (ਆਇਤ 27)। ਉਨ੍ਹਾਂ ਨੂੰ ਸਮੁੰਦਰ ਦੇ ਕੰਢੇ ਨਾਲ ਲਗਦੀਆਂ ਲਹਿਰਾਂ ਦੀ ਅਵਾਜ਼ ਸੁਣ ਗਈ ਹੋਵੇਗੀ। ''ਤਾਂ ਪਾਣੀ ਦੀ ਥਾਹ ਲਈ[8] ਜੋ ਅੱਸੀ ਹੱਥ [120 ਫ਼ੁੱਟ] ਨਿੱਕਲਿਆ ਅਤੇ ਕੁਝ ਅੱਗੇ ਵਧ ਕੇ ਫੇਰ ਥਾਹ ਲਈ ਤਾਂ ਸੱਠ ਹੱਥ [90 ਫ਼ੁੱਟ] ਨਿੱਕਲਿਆ'' (ਆਇਤ 28)। ਉਨ੍ਹਾਂ ਨੂੰ ਚੰਗੀ/ਮਾੜੀ ਖ਼ਬਰ ਮਿਲ ਗਈ: ਚੰਗੀ ਖ਼ਬਰ ਇਹ ਸੀ ਕਿ ਉਹ ਕੰਢੇ 'ਤੇ ਪਹੁੰਚ ਗਏ ਹਨ; ਮਾੜੀ ਖ਼ਬਰ ਇਹ ਸੀ ਕਿ ਹਨੇਰੇ ਵਿਚ ਖ਼ਤਰੇ ਦਾ ਪਤਾ ਨਹੀਂ ਲਗ ਰਿਹਾ ਸੀ। '' ਅਤੇ ਏਸ ਡਰ ਦੇ ਮਾਰੇ ਭਈ ਅਸੀਂ ਕਿਤੇ ਪੱਥਰਾਂ ਵਾਲੇ ਥਾਂ ਨਾ ਜਾ ਪਈਏ ਉਨ੍ਹਾਂ ਨੇ ਜਹਾਜ਼ ਦੇ ਪਿਛਲੇ ਪਾਸਿਓਂ ਚਾਰ ਲੰਗਰ[9] ਸੁੱਟੇ'' (ਆਇਤ 29ੳ)। ਆਮ ਤੌਰ 'ਤੇ ਲੰਗਰ ਜਹਾਜ਼ ਦੇ ਬੋ (ਅਗਲੇ ਹਿੱਸੇ) ਤੋਂ ਸੁੱਟੇ ਜਾਂਦੇ ਸਨ, ਪਿੱਛਿਓਂ ਨਹੀਂ। ਪਰ ਹਵਾ ਕੰਢੇ ਵੱਲ ਨੂੰ ਚੱਲਣ ਕਰਕੇ ਉਨ੍ਹਾਂ ਨੇ ਲੰਗਰ ਉੱਥੇ ਪਾਏ ਜਿੱਥੇ ਤੂਫ਼ਾਨ ਇਹਨੂੰ ਕੰਢੇ ਵੱਲ ਰੱਖਦਾ ਹੈ।

ਜਹਾਜ਼ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕਰਨ ਦੇ ਬਾਅਦ ਉਹ ''ਸਵੇਰ ਦੀ ਉਡੀਕ ਕਰਦੇ ਰਹੇ'' (ਆਇਤ 29ਅ)। ਅਸਲ 'ਚ ''ਉਨ੍ਹਾਂ ਨੇ ਦਿਨ ਵਾਸਤੇ ਦੁਆ ਕੀਤੀ।'' ਹੋ ਸਕਦਾ ਹੈ ਕਿ ਹਨੇਰੇ ਵਿਚ ਖ਼ਤਰੇ ਦਾ ਅਹਿਸਾਸ ਹੋਣ 'ਤੇ ਖ਼ੁਦਾ ਦੇ ਬਹੁਤ ਦੂਰ ਅਤੇ ਇਹ ਲੱਗਣ ਤੇ ਕਿ ਰਾਤ ਕਦੇ ਖ਼ਤਮ ਨਹੀਂ ਹੋਵੇਗੀ, ਤੁਹਾਡੀਆਂ ਰਾਤਾਂ ਵੀ ਲੰਮੀਆਂ ਹੋ ਗਈਆਂ ਹਨ।

ਰਾਤ ਨੂੰ ਕਈ ਵਾਰ, ਸਹਿਮੇ ਹੋਏ ਮਲਾਹ ਤਣਾਅ ਵਿਚ ਆ ਗਏ ਹੋਣਗੇ। ਉਹ ਜਹਾਜ਼ ਨਾਲ ਰਹਿਣ ਦੇ ਅਸੂਲ ਭੁੱਲ ਗਏ; ਉਨ੍ਹਾਂ ਨੂੰ ਆਪਣੇ ਸਿਵਾਏ ਕਿਸੇ ਹੋਰ ਦਾ ਚੇਤਾ ਨਾ ਰਿਹਾ। ਕੰਢੇ 'ਤੇ ਪਹੁੰਚਣਾ ਤਾਂ ਤੂਫ਼ਾਨੀ ਹਨੇਰੇ ਵਿਚ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਸੀ। ''ਮਲਾਹਾਂ ਨੇ ਜਹਾਜ਼ ਤੋਂ ਭੱਜਣ'' ਲਈ ''ਅਗਲੇ ਪਾਸਿਓਂ ਲੰਗਰ ਪਾਉਣ ਦੇ ਬਹਾਨੇ ਨਾਲ ਡੌਂਗੀ ਨੂੰ ਸਮੁੰਦਰ ਵਿਚ ਉਤਾਰਿਆ'' (ਆਇਤ 30)।

ਪੌਲੁਸ, ਜੋ ਡੈੱਕ 'ਤੇ ਸੀ, ਨੂੰ ਜਹਾਜ਼ਾਂ ਅਤੇ ਤੂਫ਼ਾਨਾਂ ਦਾ ਐਨਾ ਤਜਰਬਾ ਸੀ ਕਿ ਉਹ ਮਲਾਹਾਂ ਦੀ ਚਾਲ ਵਿਚ ਨਹੀਂ ਫ਼ਸਿਆ। ਜਹਾਜ਼ ਦੇ ਅਗਲੇ ਪਾਸਿਓਂ ਲੰਗਰ ਸੁੱਟਣ ਦੀ ਲੋੜ ਨਹੀਂ ਸੀ ਕਿਉਂਕਿ ਪਹਿਲਾਂ ਹੀ ਉਹਦੇ ਪਿਛਲੇ ਪਾਸਿਓਂ ਲੰਗਰ ਸੁੱਟਿਆ ਹੋਇਆ ਸੀ, ਇਸ ਨਾਲ ਜਹਾਜ਼ ਨੂੰ ਖ਼ਤਰਾ ਵੀ ਹੋ ਸਕਦਾ ਸੀ। ਇਸ ਕਰਕੇ ''ਜਦ ਮਲਾਹਾਂ ਨੇ ਜਹਾਜ਼ ਉੱਤੋਂ ਭੱਜਣਾ ਚਾਹਿਆ ... ਤਦ ਪੌਲੁਸ ਨੇ ਸੂਬੇਦਾਰ ਅਤੇ ਸਿਪਾਹੀਆਂ ਨੂੰ ਕਿਹਾ ਕਿ ਜੇ ਇਹ ਜਹਾਜ਼ ਉੱਤੇ ਨਾ ਰਹਿਣ ਤਾਂ ਤੁਸੀਂ ਨਹੀਂ ਬਚ ਸਕਦੇ'' (ਆਇਤਾਂ 30, 31)। ਅਗਲੇ ਦਿਨ ਜਹਾਜ਼ ਨੂੰ ਚਲਾਉਣ ਲਈ ਮਲਾਹਾਂ ਦੇ ਨਾ ਹੋਣ 'ਤੇ ਉਨ੍ਹਾਂ ਦੇ ਜ਼ਿੰਦਾ ਰਹਿਣ ਦੀ ਉਮੀਦ ਬਹੁਤ ਘੱਟ ਸੀ।[10] ਸਿਪਾਹੀਆਂ ਨੇ ਛੇਤੀ ਨਾਲ ''ਡੌਂਗੀ ਦੇ ਰੱਸੇ ਵੱਢ ਕੇ ਉਹ ਨੂੰ ਡੇਗ ਦਿੱਤਾ'' (ਆਇਤ 32), ਜਿਸ ਨਾਲ ਭੱਜਣ ਦੀ ਕੋਸ਼ਿਸ਼ ਨਾਕਾਮ ਹੋ ਗਈ।[11]

ਹਨੇਰਾ ਵਧਣ ਕਰਕੇ ਜਹਾਜ਼ ਵਿਚ ਮੌਜੂਦ ਹਰ ਕਿਸੇ ਦਾ ਵਿਸ਼ਵਾਸ ਡੋਲਣ ਲੱਗਾ; ਜਦ ਤਜਰਬੇਕਾਰ ਮਲਾਹ ਹੀ ਡਰ ਗਏ ਸਨ ਤਾਂ ਭਲਾ ਹੋਰ ਸਭ ਨਹੀਂ ਡਰੇ ਹੋਣਗੇ? ਦਿਨ ਦੇ ਚੜ੍ਹਾਅ ਤੋਂ ਥੋੜ੍ਹਾ ਪਹਿਲਾਂ, ਪੌਲੁਸ ਨੇ ਉਨ੍ਹਾਂ ਨੂੰ ਜੋਸ਼ ਦਵਾਉਣ ਲਈ ਤਿੰਨ ਨੁਕਾਤੀ ਪ੍ਰੋਗਰਾਮ ਦੇ ਕੇ ਹਾਲਾਤ ਕਾਬੂ ਕਰ ਲਏ:

ਪਹਿਲਾ ਕਦਮ ਉਨ੍ਹਾਂ ਨੂੰ ਦਲੇਰ ਕਰਨਾ ਸੀ ਕਿਉਂਕਿ ਜੋ ਸਰੀਰ ਨੂੰ ਪ੍ਰਭਾਵਿਤ ਕਰਦਾ ਹੈ ਆਤਮਾ ਓਸੇ ਨਾਲ ਪ੍ਰਭਾਵਿਤ ਹੁੰਦੀ ਹੀ ਹੈ: [12] ਉਹਨੇ ਇਹ ਕਹਿੰਦਿਆਂ ਉਨ੍ਹਾਂ ਸਭਨਾਂ ਨੂੰ ਭੋਜਨ ਖਾਣ ਲਈ ਕਿਹਾ ਕਿ ''ਅੱਜ ਤੁਹਾਨੂੰ ਆਸਰਾ ਤੱਕਦਿਆਂ ਚੌਦਾਂ ਦਿਨ ਹੋਏ ਜੋ ਫਾਕਾ ਕੀਤਾ ਅਤੇ ਕੁਝ ਨਹੀਂ ਖਾਧਾ।[13] ਸੋ ਮੈਂ ਤੁਹਾਡੀ ਮਿੰਨਤ ਕਰਦਾ ਹਾਂ ਭਈ ਕੁਝ ਭੋਜਨ ਛਕੋ ਕਿਉਂ ਜੋ ਇਹ ਦੇ ਵਿਚ ਤੁਹਾਡਾ ਬਚਾਓ ਹੈ'' (ਆਇਤਾਂ 33ਅ, 34ੳ)। ਦੂਜੇ ਸ਼ਬਦਾਂ ਵਿਚ, ''ਜ਼ਿੰਦਾ ਰਹਿਣਾ ਹੈ ਤਾਂ ਤੁਹਾਨੂੰ ਤਾਕਤ ਦੀ ਲੋੜ ਹੈ।''

ਦੂਜਾ ਕਦਮ ਉਨ੍ਹਾਂ ਦੇ ਮਨਾਂ ਨੂੰ ਤਕੜਾ ਕਰਨਾ ਸੀ ਕਿਉਂਕਿ ਜੋ ਮਨ 'ਤੇ ਅਸਰ ਕਰਦਾ ਹੈ ਉਹੀ ਸਰੀਰ 'ਤੇ ਵੀ ਅਸਰ ਕਰਦਾ ਹੈ: ਉਹਨੇ ਫੇਰ ਉਨ੍ਹਾਂ ਨੂੰ ਯਕੀਨ ਦਵਾਉਂਦਿਆਂ ਕਿ ''ਤੁਹਾਡੇ ਵਿੱਚੋਂ ਕਿਸੇ ਦੇ ਸਿਰ ਦਾ ਇਕ ਵਾਲ ਵੀ ਵਿੰਗਾ ਨਾ ਹੋਵੇਗਾ''[14] (ਆਇਤ 34) ਖ਼ੁਦਾ ਦਾ ਵਾਅਦਾ ਯਾਦ ਦਵਾਇਆ।

ਤੀਜਾ ਕਦਮ ਸ਼ਾਇਦ ਸਭ ਤੋਂ ਅਹਿਮ ਸੀ: ਉਹਨੇ ਵਿਖਾਇਆ ਕਿ *ਉਹਨੂੰ* ਵਾਅਦੇ 'ਤੇ ਭਰੋਸਾ ਸੀ; ਉਹਨੇ ਵਿਖਾਇਆ ਕਿ *ਉਹਨੂੰ* ਸਚਮੁਚ ਵਿਸ਼ਵਾਸ ਸੀ ਕਿ ਖ਼ੁਦਾ ਉਹਦੇ ਨਾਲ ਹੈ। ''ਇਹ ਕਹਿ ਕੇ ਉਹ ਨੇ ਰੋਟੀ ਲਈ ਅਤੇ ਸਭਨਾਂ ਦੇ ਸਾਹਮਣੇ ਪ੍ਰਮੇਸ਼ਵਰ ਦਾ ਸ਼ੁਕਰ ਕੀਤਾ ਅਤੇ ਤੋੜ ਕੇ ਖਾਣ ਲੱਗਾ'' (ਆਇਤ 35)।[15] ਪੌਲੁਸ ਦੇ ਸ਼ਾਂਤ ਹੋਣ ਤੋਂ ਉਹ ਉਵੇਂ ਹੀ ਪ੍ਰਭਾਵਿਤ ਹੋਏ ਸਨ ਜਿਵੇਂ ਮਲਾਹਾਂ ਦੇ ਡਰ ਤੋਂ: ''ਤਾਂ ਉਨ੍ਹਾਂ ਸਭਨਾਂ ਨੂੰ ਹੌਸਲਾ ਹੋਇਆ ਅਤੇ ਉਨ੍ਹਾਂ ਆਪ ਵੀ ਅੰਨ ਪਾਣੀ ਖਾਧਾ'' (ਆਇਤ 36)। ਕਿੰਨਾ ਅਜ਼ੀਬ ਨਜ਼ਾਰਾ ਸੀ: ਇਕ ਮਾਮੂਲੀ ਮਿਸ਼ਨਰੀ ਦਿਨ ਚੜ੍ਹਨ ਤੋਂ ਪਹਿਲਾਂ ਤਿੰਨ ਮਸੀਹੀ ਅਤੇ 273 ਗ਼ੈਰ ਕੌਮ ਆਦਮੀਆਂ ਲਈ ਪਾਏ ਗਏ ਨਾਸ਼ਤੇ ਲਈ ਖ਼ੁਦਾ ਦਾ ਸ਼ੁਕਰ ਕਰ ਰਿਹਾ ਸੀ![16] ਇਸ ਤਰ੍ਹਾਂ ਉਹਨੇ ਉਨ੍ਹਾਂ ਦੀਆਂ ਜਾਨਾਂ ਨੂੰ ਦਲੇਰ ਕੀਤਾ ਕਿਉਂਕਿ ਜੋ ਜਾਨ ਨੂੰ ਪ੍ਰਭਾਵਿਤ ਕਰਦਾ ਹੈ ਉਸ ਨਾਲ ਦੇਹ ਅਤੇ ਆਤਮਾ ਵੀ ਪ੍ਰਭਾਵਤ ਹੁੰਦੀ ਹੈ।

ਜੇ ਜ਼ਿੰਦਗੀ ਦੇ ਤੂਫ਼ਾਨ ਵਿੱਚੋਂ ਬਚ ਨਿੱਕਲਣਾ ਹੋਏ, ਤਾਂ ਪੌਲੁਸ ਵਾਂਗ ਆਪਣੀਆਂ ਜ਼ਿੰਦਗੀਆਂ ਵਿਚ ਖ਼ੁਦਾ ਦੀ ਮੌਜੂਦਗੀ ਦਾ ਮੁਜ਼ਾਹਰਾ ਕਰਨਾ ਲਾਜ਼ਮੀ ਹੈ।[17] ਸਾਡੀ ਜ਼ਿੰਦਗੀ ਤੋਂ ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਅਸੀਂ ਖ਼ੁਦਾ ਦੇ ਵਾਅਦਿਆਂ 'ਤੇ ਭਰੋਸਾ ਕਰਦੇ ਹਾਂ ਅਤੇ ਭਾਵੇਂ ਕੁਝ ਵੀ ਹੋ ਜਾਵੇ, ਸਾਨੂੰ ਪੂਰਾ ਯਕੀਨ ਹੈ ਕਿ ਉਹ ਸਾਨੂੰ ਛੱਡਦਾ ਨਹੀਂ ਹੈ। ਪੌਲੁਸ ਨਾਲ ਅਸੀਂ ਵੀ ਕਹਿ ਸਕਦੇ ਹਾਂ, ''ਅਸੀਂ ... ਕਸ਼ਟ ਵਿਚ ਹਾਂ ਪਰ ਮਿੱਧੇ ਨਹੀਂ ਗਏ; ਦੁਬਧਾ ਵਿਚ ਹਾਂ ਪਰ ਹੱਦੋਂ ਵੱਧ ਨਹੀਂ। ਸਤਾਏ ਜਾਂਦੇ ਹਾਂ ਪਰ ਇਕੱਲੇ ਨਹੀਂ ਛੱਡੇ ਜਾਂਦੇ, ਡੇਗੇ ਜਾਂਦੇ ਹਾਂ ਪਰ ਨਾਸ ਨਹੀਂ ਹੁੰਦੇ'' (2 ਕੁਰਿੰਥੀਆਂ 4:8, 9)।

## ਯੋਜਨਾ ਅਮਲ ਵਿਚ ਲਿਆਓ (27:38-44)

ਤੂਫ਼ਾਨ ਵਿਚ ਪੌਲੁਸ ਦੇ ਵਿਹਾਰ 'ਤੇ ਵਿਚਾਰ ਕਰਕੇ ਮੈਂ ਉਹਦੀ ਵਿਹਾਰਕਤਾ ਤੋਂ ਪ੍ਰਭਾਵਿਤ ਹੁੰਦਾ ਹਾਂ। ਖ਼ੁਦਾ ਨੇ ਵਾਅਦਾ ਕੀਤਾ ਸੀ ਕਿ ਜਹਾਜ਼ 'ਤੇ ਸਵਾਰ ਸਭ ਲੋਕ ਬਚਾਏ ਜਾਣਗੇ, ਪਰ ਪੌਲੁਸ ਨੇ ਇਹ ਨਹੀਂ ਮੰਨਿਆ ਕਿ ਇਸ ਨਾਲ ਉਹਨੂੰ ਉਹ ਸਭ ਕਰਨ ਦੀ ਖੁੱਲ੍ਹ

ਮਿਲ ਗਈ ਜੋ ਉਹ ਕਰ ਸਕਦਾ ਸੀ। ਭਾਵ ਜਦ ਸਭ ਲੋਕ ਨਿਰਾਸ਼ ਸਨ ਤਾਂ ਉਹਨੇ ਜਹਾਜ਼ 'ਤੇ ਬੈਠੇ ਸਭ ਲੋਕਾਂ ਨੂੰ ਉਤਸ਼ਾਹਿਤ ਕੀਤਾ। ਜਦ ਜਹਾਜ਼ ਚਲਾਉਣ ਲਈ ਮਲਾਹਾਂ ਦੀ ਲੋੜ ਸੀ, ਤਾਂ ਉਹਨੇ ਉਨ੍ਹਾਂ ਨੂੰ ਜਹਾਜ਼ ਨੂੰ ਛੱਡ ਕੇ ਜਾਣ ਤੋਂ ਰੋਕਿਆ। ਜਦ ਜਹਾਜ਼ 'ਤੇ ਸਵਾਰ ਸਭ ਲੋਕ ਹੰਭ ਚੁੱਕੇ ਸਨ, ਤਾਂ ਉਹਨੇ ਉਨ੍ਹਾਂ ਨੂੰ ਭੋਜਨ ਖਾਣ ਦੀ ਅਰਜ਼ ਕੀਤੀ। ਤੂਫ਼ਾਨਾਂ ਦਾ ਸਾਹਮਣਾ ਹੋਣ 'ਤੇ ਸਾਨੂੰ ਖ਼ੁਦਾ ਦੀ ਯੋਜਨਾ ਦਾ ਵਿਖਾਵਾ ਕਰਨਾ ਚਾਹੀਦਾ ਹੈ ਭਾਵੇਂ ਉਹ ਕਿਹੋ ਜਿਹੀ ਵੀ ਹੋਵੇ। ਸਾਨੂੰ ਉਹੀ ਕਰਨਾ ਚਾਹੀਦਾ ਹੈ ਜੋ ਤੂਫ਼ਾਨ ਵਿੱਚੋਂ ਬਚ ਨਿੱਕਲਣ ਲਈ ਜ਼ਰੂਰੀ ਹੈ।

ਮਲਾਹਾਂ ਦੀ ਟੋਲੀ ਨੂੰ ਖਾਣਾ ਖਾਣ ਨਾਲ ਤਾਕਤ ਮਿਲੀ ਅਤੇ ਉਨ੍ਹਾਂ ਦੀ ਉਮੀਦ ਫੇਰ ਜਾਗ ਪਈ। ਉਹ ਸਵੇਰ ਲਈ ਤਿਆਰੀ ਕਰਨ ਲੱਗ ਪਏ। ''ਜਾਂ ਉਹ ਅੰਨ ਪਾਣੀ ਖਾ ਕੇ ਰੱਜ ਗਏ ਤਾਂ ਉਨ੍ਹਾਂ ਕਣਕ ਨੂੰ ਸਮੁੰਦਰ ਵਿਚ ਸੁੱਟ ਕੇ ਜਹਾਜ਼ ਨੂੰ ਹੌਲਿਆਂ ਕਰ ਲਿਆ'' (ਆਇਤ 38)। ਉਨ੍ਹਾਂ ਨੇ ਜਹਾਜ਼ ਤੋਂ ਬਚਿਆ ਹੋਇਆ ਸਾਰਾ ਸਮਾਨ ਸੁੱਟ ਦਿੱਤਾ (ਵੇਖੋ ਆਇਤ 18), ਤਾਂ ਜੋ ਜਹਾਜ਼ ਪਾਣੀ 'ਤੇ ਥੋੜ੍ਹਾ ਉੱਪਰ ਉੱਠ ਸਕੇ ਅਤੇ ਕੰਢੇ-ਕੰਢੇ ਚੱਲ ਸਕੇ।

ਅਗਲੀ ਆਇਤ ਦੀ ਸ਼ੁਰੂਆਤ ''ਜਦ ਦਿਨ ਚੜ੍ਹਿਆ ...'' ਨਾਲ ਹੁੰਦੀ ਹੈ (ਆਇਤ 39ੳ)। ਮਾੜੀਆਂ ਰਾਤਾਂ ਬੀਤ ਜਾਂਦੀਆਂ ਹਨ। ''ਜਦ ਦਿਨ ਚੜ੍ਹਿਆ ... ਤਦ ਉਨ੍ਹਾਂ ਉਸ ਦੇਸ਼ ਨੂੰ ਨਾ ਪਛਾਤਾ ਪਰ ਇਕ ਖਾੜੀ ਡਿੱਠੀ ਜਿਹ ਦਾ ਕੰਢਾ ਪੱਧਰਾ[18] ਸੀ ਅਤੇ ਉਹ ਸਲਾਹ ਕਰਨ ਲੱਗੇ ਭਈ ਅਸੀਂ ਜਹਾਜ਼ ਨੂੰ ਧੱਕ ਕੇ ਉਸ ਉੱਤੇ ਚੜ੍ਹਾ ਸਕਦੇ ਹਾਂ ਕਿ ਨਹੀਂ'' (ਆਇਤ 39)। ਕੰਢਾ ਨਜ਼ਰ ਆ ਤਾਂ ਰਿਹਾ ਸੀ, ਪਰ ਅਜੇ ਵੀ ਉਹ ਸੁਰੱਖਿਅਤ ਨਹੀਂ ਸਨ।

ਤਿਆਰੀ ਜਾਰੀ ਰੱਖਦਿਆਂ, ਮਲਾਹਾਂ ਨੇ ਤਿੰਨ ਕੰਮ ਕੀਤੇ: (1) ਉਨ੍ਹਾਂ ਨੇ ਲੰਗਰ ਸੁੱਟ ਕੇ ''ਸਮੁੰਦਰ ਵਿਚ ਛੱਡ ਦਿੱਤੇ'' ਕਿਉਂਕਿ ਉਨ੍ਹਾਂ ਨੂੰ ਫੇਰ ਉਨ੍ਹਾਂ ਦੀ ਲੋੜ ਨਹੀਂ ਪੈਣੀ ਸੀ (ਆਇਤ 40ੳ)। (2) ''ਨਾਲੇ ਪਤਵਾਰਾਂ ਦੇ ਰੱਸੇ ਖੋਲ੍ਹ ਦਿੱਤੇ'' (ਆਇਤ 40ਅ)। ਪੁਰਾਣੇ ਜਹਾਜ਼ਾਂ ਵਿਚ ਆਮ ਤੌਰ 'ਤੇ ਦੋ ਸਟੇਰਿੰਗ ਪੈਡਲ ਜਾਂ ਪਤਵਾਰ ਹੁੰਦੇ ਸਨ ਜੋ ਪਿਛਲੇ ਪਾਸੇ ਦੀ ਹਰ ਨੁੱਕਰ ਵਿਚ ਇਕ ਡੰਡੇ ਨਾਲ ਜੁੜੇ ਹੁੰਦੇ ਸਨ ਜਿੱਥੋਂ ਇਕ ਮਲਾਹ ਜਹਾਜ਼ ਨੂੰ ਚਲਾ ਸਕਦਾ ਸੀ। ਤੂਫ਼ਾਨ ਆਉਣ 'ਤੇ, ਇਨ੍ਹਾਂ ਪਤਵਾਰਾਂ ਨੂੰ ਪਾਣੀ ਤੋਂ ਉੱਪਰ ਚੁੱਕ ਕੇ ਬੰਨ੍ਹ ਦਿੱਤਾ ਜਾਂਦਾ ਸੀ। ਹੁਣ ਉਨ੍ਹਾਂ ਨੂੰ ਖੋਲ੍ਹ ਦਿੱਤਾ ਗਿਆ ਤਾਂ ਜੋ ਜਹਾਜ਼ ਚੱਲ ਸਕੇ। (3) ਉਨ੍ਹਾਂ ਨੇ ਜਹਾਜ਼ ਨੂੰ ਅਰਾਮ ਨਾਲ ਚਲਾਉਣ ਲਈ ਅਤੇ ਕੁਝ ਹਵਾ ਦੇ ਧੱਕੇ ਦੇਣ ਲਈ ''ਪੌਣ ਦੇ ਲੋਟ ਉੱਤੇ ਅਗਲੇ ਪਾਸੇ ਦਾ ਪਾਲ ਚੜ੍ਹਾ ਦਿੱਤਾ'' (ਆਇਤ 40ੲ)।[19]

ਉਹ ਪੂਰੀ ਤਰ੍ਹਾਂ ਤਿਆਰ ਸਨ, ਜਿਸ ਕਰਕੇ ਉਹ ''ਕੰਢੇ ਵੱਲ ਨੂੰ ਚੱਲ ਪਏ'' (ਆਇਤ 40ਸ)। ਉਮੀਦ ਤਾਂ ਉਨ੍ਹਾਂ ਨੂੰ ਕੰਢੇ ਕੋਲ ਪਹੁੰਚਣ ਦੀ ਸੀ, ਪਰ ''ਇਕ ਥਾਂ ਪਹੁੰਚ ਕੇ ਜਿੱਥੇ ਦੋ ਸਮੁੰਦਰ ਮਿਲੇ ਸਨ[20] ਉਨ੍ਹਾਂ ਨੇ ਜਹਾਜ਼ ਨੂੰ ਥੋੜ੍ਹੇ ਪਾਣੀ ਵਿਚ ਚਲਾ ਦਿੱਤਾ'' (ਆਇਤ 41ੳ)। ''[ਜਹਾਜ਼ ਦਾ] ਅਗਲਾ ਪਾਸਾ ਖੁਭ ਕੇ ਅੜਿਆ ਹੀ ਰਿਹਾ ਪਰ ਪਿਛਲਾ ਠਾਠਾਂ ਦੇ ਜ਼ੋਰ ਨਾਲ ਟੁੱਟ ਗਿਆ'' (ਆਇਤ 41ਅ)।

ਜਹਾਜ਼ ਦੇ ਟੁੱਟਣ ਨਾਲ ਫੇਰ ਸਹਿਮ ਛਾ ਗਿਆ। ਇਸ ਵਾਰ ਮਲਾਹ ਨਹੀਂ ਸਗੋਂ ਸਿਪਾਹੀ ਡਰ ਗਏ ਸਨ। ਫ਼ੌਜੀ ਨਿਯਮ ਸੀ ਕਿ ਜੇ ਕੋਈ ਕੈਦੀ ਨੱਸ ਜਾਵੇ ਤਾਂ ਉਹਦੀ ਨਿਗਰਾਨੀ ਕਰਨ ਵਾਲੇ ਜ਼ਿੰਮੇਵਾਰ ਸਿਪਾਹੀ ਨੂੰ ਉਸ ਕੈਦੀ ਵਾਲੀ ਸਜ਼ਾ ਦਿੱਤੀ ਜਾ ਸਕਦੀ ਸੀ।[21] ਇਸ ਭੱਜ ਦੌੜ ਵਿਚ ਕਈ ਕੈਦੀ ਨੱਸ ਸਕਦੇ ਹਨ, ਅਤੇ ਕੋਈ ਵੀ ਸਿਪਾਹੀ ''ਸ਼ੇਰ ਦੇ ਮੂੰਹ ਵਿਚ''[22] ਨਹੀਂ ਜਾਣਾ ਚਾਹੁੰਦਾ ਸੀ, ਜਿਸ ਕਰਕੇ ''ਸਿਪਾਹੀਆਂ ਦੀ ਇਹ ਸਲਾਹ ਹੋਈ ਜੋ ਕੈਦੀਆਂ ਨੂੰ

ਮਾਰ ਸੁੱਟੀਏ ਭਈ ਕਿਤੇ ਐਉਂ ਨਾ ਹੋਵੇ ਕਿ ਕੋਈ ਤਰ ਕੇ ਨੱਠ ਜਾਵੇ'' (ਆਇਤ 42)। ਉਨ੍ਹਾਂ ਨੇ ਹੋਰ ਕੈਦੀਆਂ ਨਾਲ ਪੌਲੁਸ ਨੂੰ ਵੀ ਮਾਰ ਦੇਣ ਦੀ ਤਿਆਰੀ ਕੀਤੀ।

ਸਿਪਾਹੀਆਂ ਵੱਲੋਂ ਪੌਲੁਸ ਵੱਲ ਕਤਲ ਦੇ ਇਰਾਦੇ ਨਾਲ ਵੇਖਣ ਨਾਲ ਉਹਦੀ ਜ਼ਿੰਦਗੀ ਫੇਰ ਤੋਂ ਅੱਧ ਵਿਚਾਲੇ ਫਸ ਗਈ, ਪਰ ਪ੍ਰਭੂ ਨੇ ਉਸ ਨਾਲ ਵਾਅਦਾ ਕੀਤਾ ਸੀ ਕਿ ਉਹ ਕੈਸਰ ਦੇ ਸਾਹਮਣੇ ਖੜਾ ਹੋਵੇਗਾ। ਇਸ ਵਾਰ ਖ਼ੁਦਾ ਨੇ ਸੂਬੇਦਾਰ ਯੂਲਿਉਸ ਦੇ ਰਾਹੀਂ ਦਖ਼ਲ ਦਿੱਤਾ। ਜ਼ਾਹਿਰ ਹੈ ਕਿ ਇਸ ਰੋਮੀ ਅਧਿਕਾਰੀ ਨੂੰ ਪੌਲੁਸ ਨਾਲ ਖ਼ਾਸ ਸਲੂਕ ਕਰਨ ਦੀ ਹਦਾਇਤ ਤਾਂ ਮਿਲੀ ਸੀ, ਪਰ ਉਹ ਇਸ ਔਖੀ ਘੜੀ ਵਿਚ ਉਹਦੇ ਵਿਹਾਰ ਤੋਂ ਪ੍ਰਭਾਵਿਤ ਵੀ ਹੋ ਗਿਆ ਸੀ। ਇਸ ਕਰਕੇ, ''ਸੂਬੇਦਾਰ ਨੇ ਜੋ ਇਹ ਚਾਹੁੰਦਾ ਸੀ[23] ਕਿ ਪੌਲੁਸ ਨੂੰ ਬਚਾਵੇ ਉਨ੍ਹਾਂ ਨੂੰ ਇਸ ਇਰਾਦੇ ਤੋਂ ਹਟਾ ਦਿੱਤਾ''[24] (ਆਇਤ 43ੳ)। (ਤੁਹਾਡੀ ਜ਼ਿੰਦਗੀ ਦੇ ਤੂਫ਼ਾਨਾਂ ਵੇਲੇ, ਕਈ ਵਾਰ ਰਾਹਤ ਅਣਜਾਣੇ ਵਸੀਲਿਆਂ ਤੋਂ ਮਿਲ ਜਾਂਦੀ ਹੈ।)

ਯੂਲਿਉਸ ਨੇ ਛੇਤੀ ਨਾਲ ਸਭ ਨੂੰ ਜਹਾਜ਼ ਛੱਡ ਦੇਣ ਦੇ ਹੁਕਮ ਦੇ ਦਿੱਤੇ। ਉਹਨੇ ''ਹੁਕਮ ਕੀਤਾ ਭਈ ਜਿਨ੍ਹਾਂ ਨੂੰ ਤਰਨਾ ਆਉਂਦਾ ਹੋਵੇ ਸੋ ਛਾਲ ਮਾਰ ਕੇ ਪਹਿਲਾਂ ਧਰਤੀ ਤੇ ਜਾ ਨਿੱਕਲਣ,[25] ਅਤੇ ਬਾਕੀ ਦੇ ਕਈ ਫੱਟਿਆਂ ਉੱਤੇ ਅਰ ਕਈ ਜਹਾਜ਼ ਦੀਆਂ ਹੋਰ ਚੀਜ਼ਾਂ ਉੱਤੇ''[26] (ਆਇਤਾਂ 43ਅ, 44ੳ)।

ਤੁਹਾਨੂੰ ਕੀ ਲਗਦਾ ਹੈ ਕਿ ਪੌਲੁਸ ਨੇ ਵਿਰੋਧ ਕਰਕੇ ਕਿਹਾ ਹੋਵੇਗਾ, ''ਇਕ ਮਿੰਟ ਰੁਕੋ! ਤੁਹਾਨੂੰ ਪਤਾ ਹੈ ਕਿ ਮੈਂ ਉਸ ਠੰਡੇ ਤੂਫ਼ਾਨੀ ਪਾਣੀ ਵਿਚ ਛਾਲ ਨਹੀਂ ਮਾਰਨ ਵਾਲਾ। ਪਤਾ ਹੈ? ਪ੍ਰਭੂ ਨੇ ਮੇਰੇ ਨਾਲ ਵਾਅਦਾ ਕੀਤਾ ਹੈ ਕਿ ਮੈਂ ਬਚ ਜਾਵਾਂਗਾ! ਪ੍ਰਭੂ ਨੇ ਮੇਰੇ ਨਾਲ ਵਾਅਦਾ ਕੀਤਾ ਹੈ ਕਿ ਮੈਂ ਰੋਮ ਵਿਚ ਜ਼ਰੂਰ ਪਹੁੰਚਾਂਗਾ! ਜਦ ਤਕ ਪ੍ਰਭੂ ਮੈਨੂੰ ਆਪ ਬਚਾਉਂਦਾ ਨਹੀਂ ਉਦੋਂ ਤਕ ਮੈਂ ਇੱਥੋਂ ਨਹੀਂ ਹਿੱਲਣਾ''? ਮੈਨੂੰ ਨਹੀਂ ਲੱਗਦਾ ਕਿ ਪੌਲੁਸ ਪਾਣੀ ਵਿਚ ਛਾਲ ਮਾਰਨ ਵਾਲਿਆਂ ਵਿੱਚੋਂ ਸਭ ਤੋਂ ਅੱਗੇ ਹੋਵੇਗਾ! ਮੈਂ ਉਹਨੂੰ ਲਹਿਰਾਂ 'ਤੇ ਜੱਦੋਜਹਿਦ ਕਰਦੇ, ਤੈਰਦੇ (ਜਾਂ ਟੁੱਟੇ ਜਹਾਜ਼ ਦੇ ਇਕ ਟੋਟੇ ਨੂੰ ਫੜ੍ਹੀ) ਪਾਣੀ ਤੋਂ ਆਪਣਾ ਸਿਰ ਬਾਹਰ ਕੱਢਣ ਦੀ ਕੋਸ਼ਿਸ਼ ਕਰਦੇ, ਖਾਰੇ ਪਾਣੀ ਵਿਚ ਸਾਹ ਰੋਕਦੇ, ਕੰਢੇ ਵੱਲ ਨੂੰ ਆਉਣ ਦੀ ਕੋਸ਼ਿਸ਼ ਕਰਦੇ ਵੇਖਦਾ ਹਾਂ ਜਦ ਤਕ ਅਖ਼ੀਰ ਵਿਚ ਉਹ ਹੰਭਦੇ-ਹੰਭਦੇ ਸਾਹ ਲੈਂਦਾ ਹੋਇਆ ਕੰਢੇ ਨਹੀਂ ਲੱਗ ਗਿਆ।

ਪੌਲੁਸ ਨੂੰ ਉਹ ਗੱਲ ਸਮਝ ਆਈ ਜੋ ਸਾਡੇ ਵਿੱਚੋਂ ਹਰ ਕਿਸੇ ਨੂੰ ਆਉਣੀ ਚਾਹੀਦੀ ਹੈ? ਖ਼ੁਦਾ ਨੇ ਜ਼ਿੰਦਗੀ ਦੇ ਤੂਫ਼ਾਨਾਂ ਵਿਚ ਸਾਨੂੰ ਜਿੱਤ ਦਵਾਉਣ ਦਾ ਵਾਅਦਾ ਕੀਤਾ ਹੋਵੇ ਤਾਂ ਵੀ ਸਾਨੂੰ ਲੜਾਈ ਤਾਂ ਲੜਨੀ ਹੀ ਪਵੇਗੀ। ਖ਼ੁਦਾ ਕੋਲ ਸਾਡੀਆਂ ਜ਼ਿੰਦਗੀਆਂ ਦੀ ਇਕ ਯੋਜਨਾ ਹੈ। ਉਸ ਨੂੰ ਸਿਰੇ ਚੜ੍ਹਾਉਣ ਲਈ ਉਹ ਸਾਡੀ ਮਦਦ ਕਰੇਗਾ, ਪਰ ਉਹ ਸਾਡੇ ਲਈ ਉਹ ਨਹੀਂ ਕਰਦਾ ਜੋ ਅਸੀਂ ਖ਼ੁਦ ਕਰ ਸਕਦੇ ਹਾਂ। ਜੇ ਉਹਦੀ ਯੋਜਨਾ ਮੁਤਾਬਕ ਆਪਣੀ ਜ਼ਿੰਦਗੀ ਦੇ ਬਰਫ਼ੀਲੇ ਪਾਣੀ ਵਿਚ ਛਾਲ ਮਾਰ ਕੇ ਤਰਨਾ ਜ਼ਰੂਰੀ ਹੈ ਤਾਂ ਉਹ ਨਹੀਂ ਚਾਹੁੰਦਾ ਕਿ ਅਸੀਂ ਉਸ ਨੂੰ ਇਹ ਕਹੀਏ ਕਿ ''ਪਰ, ਪ੍ਰਭੂ ਮੈਨੂੰ ਤਾਂ ਤਰਨਾ ਨਹੀਂ ਆਉਂਦਾ!'' ਉਹ ਸਾਥੋਂ ਉਮੀਦ ਕਰਦਾ ਹੈ ਕਿ ਅਸੀਂ ਜ਼ਿੰਦਗੀ ਬਚਾਉਣ ਵਾਲਾ ਵਿਸ਼ਵਾਸ ਲੈ ਕੇ ਛਾਲ ਮਾਰ ਦਈਏ! ਜੇ ਤੁਸੀਂ ਜ਼ਿੰਦਗੀ ਤੇ ਤੂਫ਼ਾਨਾਂ ਵਿੱਚੋਂ ਬਚ ਨਿੱਕਲਣਾ ਚਾਹੁੰਦੇ ਹੋ ਤਾਂ ਉਸ ਯੋਜਨਾ ਨੂੰ ਪੂਰਾ ਕਰਨ ਲਈ ਤਿਆਰ ਰਹੋ।

## ਸ਼ਾਂਤੀ ਨੂੰ ਮਾਣੋ (27:44-28:2)

ਜੇ ਅਸੀਂ ਆਪਣੀ ਜ਼ਿੰਦਗੀ ਵਿਚ ਖ਼ੁਦਾ ਦੀ ਮਰਜ਼ੀ ਅੱਗੇ ਆਪਣੇ ਆਪ ਨੂੰ ਸੌਂਪਣਾ

ਚਾਹੁੰਦੇ ਹਾਂ, ਤਾਂ ਅਸੀਂ ਉਸ ਸ਼ਾਂਤੀ ਨੂੰ ਮਾਣ ਸਕਦੇ ਹਾਂ ਜੋ ਸਿਰਫ਼ ਉਹੀ ਦੇ ਸਕਦਾ ਹੈ। ਪਾਣੀ ਵਿਚ ਛਾਲ ਮਾਰ ਕੇ ਕੰਢੇ ਤਕ ਪਹੁੰਚਣ ਲਈ ਸੰਘਰਸ਼ ਕਰਕੇ ਉਨ੍ਹਾਂ ਵਿੱਚੋਂ ''ਸੱਭੋ ਧਰਤੀ ਉੱਤੇ ਬਚ ਨਿੱਕਲੇ'' (27:44ਅ)। ਜਦ ਪਾਣੀ 'ਚ ਭਿੱਜਾ ਆਖ਼ਰੀ ਬੰਦਾ ਕੰਢੇ 'ਤੇ ਪਹੁੰਚ ਗਿਆ, ਤਾਂ ਉਨ੍ਹਾਂ ਫੇਰ ਗਿਣਤੀ ਕੀਤੀ ਅਤੇ ਪਾਇਆ ਕਿ ਪੂਰੇ 276 ਜ਼ਿੰਦਾ ਆ ਚੁਕੇ ਸਨ (ਆਇਤ 37)। ''ਕੀਤੇ ਗਏ ਐਲਾਨ ਮੁਤਾਬਕ *ਕਿਸੇ* ਵੀ ਜਾਨ ਦਾ ਨੁਕਸਾਨ ਨਹੀਂ ਹੋਇਆ'' ਸੀ; ਇੱਥੋਂ ਤਕ ਕਿ ਕਿਸੇ ਦੇ ''ਸਿਰ ਦਾ ਵਾਲ ਵੀ'' ਨਹੀਂ ਡਿੱਗਾ ਸੀ (ਆਇਤਾਂ 22, 34)। ਅਜਿਹਾ ਸੰਜੋਗ ਨਾਲ ਨਹੀਂ ਹੋ ਸਕਦਾ ਸੀ; ਆਂਕੜਾ ਵਿਗਿਆਨ ਦੇ ਵਿਸ਼ਲੇਸ਼ਣ ਉਸ ਨੂੰ ਨਾਮੁਮਕਿਨ ਮੰਨਣਗੇ। ਫਿਰ ਵੀ, ਇਹ ਸੱਚ ਸੀ। ਖ਼ੁਦਾ ਜਦ ਕੋਈ ਵਾਅਦਾ ਕਰਦਾ ਹੈ ਤਾਂ ਤੁਸੀਂ ਆਪਣੀ ਜ਼ਿੰਦਗੀ ਉਸ ਵਾਅਦੇ 'ਤੇ ਦਾਅ 'ਤੇ ਲਾ ਸਕਦੇ ਹੋ (ਵੇਖੋ 1 ਰਾਜਿਆਂ 8:56)। ਜੇ ਤੁਹਾਨੂੰ ਉਸ ਨਾਲ ਸ਼ਾਂਤੀ ਨਹੀਂ ਮਿਲਦੀ, ਤਾਂ ਫਿਰ ਹੋਰ ਕਿਸੇ ਨਾਲ ਵੀ ਨਹੀਂ ਮਿਲ ਸਕਦੀ।

ਟੁੱਟੇ ਜਹਾਜ਼ ਵਿੱਚੋਂ ਬਚ ਨਿੱਕਲਣ ਵਾਲਿਆਂ ਨੇ ਆਲੇ-ਦੁਆਲੇ ਵੇਖ ਕੇ ਪਾਇਆ ਕਿ ਉਹ ਇਟਲੀ ਵਿਚ ਨਹੀਂ ਪਹੁੰਚੇ ਸਨ: ''ਜਾਂ ਅਸੀਂ ਬਚ ਨਿੱਕਲੇ ਤਾਂ ਅਸਾਂ ਮਲੂਮ ਕੀਤਾ ਜੋ ਇਸ ਟਾਪੂ ਦਾ ਨਾਉਂ ਮਾਲਟਾ ਹੈ'' (28:1)। ਪਰ ਖ਼ੁਦਾ ਉਨ੍ਹਾਂ ਦੀ ਨਿਗਰਾਨੀ ਕਰ ਰਿਹਾ ਸੀ, ਜਿਸ ਕਰਕੇ ਲੂਕਾ ਇਹ ਲਿਖ ਸਕਿਆ ਕਿ ''ਉੱਥੋਂ ਦੇ ਓਪਰੇ ਲੋਕਾਂ ਨੇ ਸਾਡੇ ਨਾਲ ਵੱਡਾ ਭਾਰਾ ਸਲੂਕ ਕੀਤਾ'' (ਆਇਤ 2ੳ)। ਹੋ ਸਕਦਾ ਹੈ ਕਿ ਇਕ ਮਸੀਹੀ ਨੂੰ ਇਹ ਪਤਾ ਨਾ ਹੋਵੇ ਕਿ ਉਹਦੇ ਸਫ਼ਰ ਵਿਚ ਕੱਲ੍ਹ ਕੀ ਹੋਣ ਵਾਲਾ ਹੈ, ਪਰ ਉਹਨੂੰ ਉਹਦਾ ਪਤਾ ਹੈ ਜੋ ਉਹਦੇ ਨਾਲ ਚਲਦਾ ਹੈ। ਕੱਲ੍ਹ ਉਹਨੂੰ ''ਹਰ ਹਾਲ ਵਿਚ ਸ਼ਾਂਤੀ'' ਮਿਲਦੀ ਹੈ।[27]

## ਸਾਰ

ਜੇ ਤੁਸੀਂ ਜ਼ਿੰਦਗੀ ਦੇ ਕਿਸੇ ਤੂਫ਼ਾਨ 'ਚ ਫ਼ਸੇ ਹੋਏ ਹੋ ਤਾਂ ਤੁਹਾਨੂੰ ਜ਼ਬੂਰ ਲਿਖਣ ਵਾਲੇ ਦੇ ਇਹ ਸ਼ਬਦ ਆਪਣਾ ਆਦਰਸ਼ ਬਣਾ ਲੈਣੇ ਚਾਹੀਦੇ ਹਨ, ''ਹੇ ਮੇਰੇ ਜੀਅ, ਤੂੰ ਕਿਉਂ ਝੁਕਿਆ ਹੋਇਆ ਹੈਂ? ਅਤੇ ਮੇਰੇ ਵਿਚ ਕਿਉਂ ਵਿਆਕੁਲ ਹੈਂ?''(ਜ਼ਬੂਰ 42:5ੳ); ''... ਪ੍ਰਮੇਸ਼ਵਰ ਉੱਤੇ ਆਸ ਰੱਖ! ਮੈਂ ਤਾਂ ਫੇਰ ਉਸ ਦਾ ਧੰਨਵਾਦ ਕਰਾਂਗਾ ਜਿਹੜਾ ਮੇਰੇ ਮੁਖੜੇ ਦਾ ਬਚਾਅ ਅਤੇ ਮੇਰਾ ਪ੍ਰਮੇਸ਼ਵਰ ਹੈ'' (ਜ਼ਬੂਰ 43:5ਅ)।

ਇਸ ਪਾਠ ਵਿਚ ਮੈਂ ਤੂਫ਼ਾਨ ਵਿੱਚੋਂ ਬਚ ਨਿੱਕਲਣ ਦੇ ਕਈ ਸੁਝਾਅ ਦਿੱਤੇ ਹਨ: (1) ਤੂਫ਼ਾਨ ਦੇ ਆਉਣ ਦੀ ਉਮੀਦ ਕਰੋ-ਤਾਂ ਜੋ ਤੂਫ਼ਾਨ ਤੁਹਾਡੇ 'ਤੇ ਅਚਾਨਕ ਨਾ ਆ ਜਾਵੇ। (2) ਖ਼ੁਦਾ ਦੇ ਵਾਅਦਿਆਂ ਦਾ ਵਿਖਾਵਾ ਕਰੋ-ਤਾਂ ਜੋ ਤੂਫ਼ਾਨ ਤੁਹਾਨੂੰ ਬਿਨਾ ਤਿਆਰੀ ਦੇ ਨਾ ਆ ਘੇਰੇ। (3) ਖ਼ੁਦਾ ਦੀ ਮੌਜੂਦਗੀ ਦਾ ਇਜ਼ਹਾਰ ਕਰੋ-ਤਾਂ ਜੋ ਤੂਫ਼ਾਨ ਤੁਹਾਨੂੰ ਅਸੁਰੱਖਿਅਤ ਨਾ ਕਰ ਸਕੇ। (4) ਖ਼ੁਦਾ ਦੀ ਯੋਜਨਾ ਨੂੰ ਛੇਤੀ ਪੂਰਾ ਕਰੋ-ਤਾਂ ਜੋ ਤੂਫ਼ਾਨ ਤੁਹਾਨੂੰ ਹੁਕਮ ਤੋੜਨਾ ਨਾ ਸਿਖਾਏ। (5) ਖ਼ੁਦਾ ਦੀ ਸ਼ਾਂਤੀ ਨੂੰ ਮਾਣੋ-ਤਾਂ ਜੋ ਤੂਫ਼ਾਨ ਤੁਹਾਨੂੰ ਬਿਨਾਂ ਇਨਾਮ ਦੇ ਨਾ ਛੱਡੇ।

ਜ਼ਿੰਦਾ ਰਹਿਣ ਦਾ ਭੇਤ ਖ਼ੁਦਾ ਵਿਚ ਵਿਸ਼ਵਾਸ ਬਣਾਏ ਰੱਖਣਾ-ਉਹੀ ਵਿਸ਼ਵਾਸ ਜੋ ਪੌਲੁਸ ਨੇ ਵਿਖਾਇਆ:

> ਪ੍ਰਮੇਸ਼ਵਰ ਜਿਹਦਾ ਮੈਂ ਹਾਂ ਅਤੇ ਜਿਹਦੀ ਸੇਵਾ ਵੀ ਕਰਦਾ ਹਾਂ ਉਹਦਾ ਦੂਤ ਅੱਜ ਰਾਤ ਮੇਰੇ ਕੋਲ ਆਣ ਖਲੋਤਾ ਅਤੇ ਬੋਲਿਆ ਕਿ ਹੇ ਪੌਲੁਸ, ਨਾ ਡਰ! ... ਉਪਰੰਤ ਹੇ ਪੁਰਖੋ, ਹੌਸਲਾ ਰੱਖੋ ਕਿਉਂ ਜੋ ਮੈਂ ਪ੍ਰਮੇਸ਼ਵਰ ਦੀ ਪ੍ਰਤੀਤ ਕਰਦਾ ਹਾਂ ਭਈ ਜਿਹਾ ਮੈਨੂੰ

*ਭਲਾ* ਤਿਹਾ ਹੀ ਹੋਇਆ ਜਿਹਾ ਪੌਲੁਸ ਨੂੰ ਕਿਹਾ ਗਿਆ ਸੀ? ਸਮੁੰਦਰ ਕੰਢੇ ਅੱਗ ਸੇਕਦੇ ਉਨ੍ਹਾਂ 276 ਲੋਕਾਂ ਬਾਰੇ ਵਿਚਾਰ ਕਰੋ ਅਤੇ ਜਾਣੋ ਕਿ ਖ਼ੁਦਾ ਆਪਣੇ ਵਾਅਦੇ ਕਿਵੇਂ ਪੂਰੇ ਕਰਦਾ ਹੈ! ਉਹ ਆਪਣੇ ਤੂਫ਼ਾਨ ਵਿੱਚੋਂ ਬਚ ਨਿੱਕਲੇ ਸਨ ਅਤੇ ਤੁਸੀਂ ਵੀ ਆਪਣੇ ਤੂਫ਼ਾਨ ਵਿੱਚੋਂ ਬਚ ਨਿੱਕਲ ਸਕਦੇ ਹੋ! ਇਨ੍ਹਾਂ ਸ਼ਬਦਾਂ ਨੂੰ ਆਪਣੇ ਦਿਲ 'ਤੇ ਲਿੱਖ ਕੇ ਰੱਖ ਲਵੋ। ''ਮੈਂ ਪ੍ਰਮੇਸ਼ਵਰ ਦੀ ਪ੍ਰਤੀਤ ਕਰਦਾ ਹਾਂ ਭਈ ਜਿਹਾ ਮੈਨੂੰ ਕਿਹਾ ਗਿਆ ਹੈ ਤਿਹਾ ਹੀ ਹੋਵੇਗਾ।'' ਇਸ ਤਰ੍ਹਾਂ ਦਾ ਵਿਸ਼ਵਾਸ ਹੋਣ 'ਤੇ ਤੁਸੀਂ ਕਿਸੇ ਵੀ ਤੂਫ਼ਾਨ ਦਾ ਮੁਕਾਬਲਾ ਕਰ ਸਕਦੇ ਹੋ![28]

## ਵਿਜ਼ੁਅਲ ਏਡ ਨੋਟਸ

ਇਸ ਪਾਠ ਵਿਚ ਖ਼ੁਦਾ ਦੇ ਫ਼ਜਲ ਅਤੇ ਇਨਸਾਨ ਦੀ ਜ਼ਿੰਮੇਵਾਰੀ ਦੇ ਸਬੰਧ ਦੀ ਤਸਵੀਰ ਮਿਲਦੀ ਹੈ: ਖ਼ੁਦਾ ਨੇ ਜਹਾਜ਼ ਦੇ ਸਭ ਲੋਕਾਂ ਨੂੰ ਪੌਲੁਸ ਦੇ ਹੱਥ '' ਸੌਂਪ ਦਿੱਤਾ,'' ਪਰ ਪੌਲੁਸ ਨੂੰ ਅਜੇ ਵੀ ਉਹ ਸਭ ਕਰਨ ਦੀ ਲੋੜ ਸੀ ਜੋ ਉਹ ਇਹ ਯਕੀਨੀ ਬਣਾਉਣ ਲਈ ਕਰ ਸਕਦਾ ਸੀ ਕਿ ਕੰਢੇ 'ਤੇ ਸਹੀ ਸਲਾਮਤ ਪਹੁੰਚ ਜਾਈਏ। ਆਪਣੀ ਕਲਾਸ ਨੂੰ ਇਕ ਖ਼ਾਲੀ ਚੈੱਕ ਵਿਖਾਉ। ਹਰ ਕਿਸੇ ਨੂੰ ਕਹੋ ਕਿ ਉਹ ਮੰਨ ਲਵੇ ਕਿ ਤੁਸੀਂ ਇਕ ਬਹੁਤ ਵੱਡੀ ਰਕਮ (ਜੋ ਉਹਨੇ ਕਮਾਈ ਨਹੀਂ) *ਦਿੰਦਿਆਂ* ਉਹਦੇ ਨਾਂਅ ਦਾ ਚੈੱਕ ਕੱਟ ਦਿੱਤਾ ਹੈ। ਪਰ ਜਦ ਉਸ ਨੂੰ ਚੈੱਕ ਮਿਲ ਗਿਆ ਤਦ ਉਹਦੇ ਲਈ ਉਸ ਦਾਨ ਦਾ ਫ਼ਾਇਦਾ ਚੁੱਕਣ ਲਈ ਚੈੱਕ ਭੁਗਤਾਨ ਕਰਵਾ ਕੇ ਮਿਲੇ ਧਨ ਦੀ ਵਰਤੋਂ ਕਰਨੀ ਜ਼ਰੂਰੀ ਹੋਵੇਗੀ। ਇਸੇ ਤਰ੍ਹਾਂ ਮੁਕਤੀ ਵੀ ਇਕ ਦਾਨ ਹੈ; ਪਰ ਇਸ ਦਾਨ ਦਾ ਫ਼ਾਇਦਾ ਲੈਣ ਲਈ ਸਾਡੇ ਵਾਸਤੇ ਖ਼ੁਦਾ ਦਾ ਹੁਕਮ ਮੰਨਣਾ (ਭਾਵ ਉਹ ਕਰਨਾ ਜੋ ਅਸੀਂ ਕਰ ਸਕਦੇ ਹਾਂ) ਜ਼ਰੂਰੀ ਹੈ।

## ਸਰਮਨ ਨੋਟਸ

ਜਿਸ ਵਿਸ਼ਵਾਸ (27:23-25) ਨੇ ਪੌਲੁਸ ਨੂੰ ਤੂਫ਼ਾਨ ਵਿਚ ਮਜ਼ਬੂਤ ਰੱਖਿਆ ਸੀ, ਉਸ ਨੂੰ ਅਸੀਂ ਹੇਠ ਦਿੱਤੇ ਵਾਂਗ ਸੰਖੇਪ ਕਰ ਸਕਦੇ ਹਾਂ: (1) ਮੈਂ ਖ਼ੁਦਾ ਦੀ ਮੌਜੂਦਗੀ ਨੂੰ (''ਮੇਰੇ ਸਾਹਮਣੇ ਖਲੋਤਾ'') ਪਛਾਣਦਾ ਹਾਂ; (2) ਮੈਂ ਖ਼ੁਦਾ ਦੀ ਦੌਲਤ (''ਜਿਹਦਾ ਮੈਂ ਹਾਂ''); (3) ਖ਼ੁਦਾ ਨੇ ਮੈਨੂੰ ਇਕ ਮਕਸਦ ਦਿੱਤਾ ਹੈ (''ਜਿਹਦੀ ਮੈਂ ਸੇਵਾ ਕਰਦਾ ਹਾਂ''); (4) ਖ਼ੁਦਾ ਨੇ ਮੈਨੂੰ ਇਕ ਵਾਅਦਾ ਦਿੱਤਾ ਹੈ (''ਜ਼ਰੂਰ ਹੈ ਜੋ ਤੂੰ ਕੈਸਰ ਦੇ ਅੱਗੇ ਹਾਜਰ ਹੋਵੇਂ'')।[29]

''ਚਾਰ ਲੰਗਰਾਂ'' (27:29) ਦੇ ਅਚਾਨਕ ਜ਼ਿਕਰ ਨੇ ਸਰਮਨ ਦੇਣ ਵਾਲਿਆਂ ਦਾ ਧਿਆਨ ਖਿੱਚਿਆ ਹੋਇਆ ਹੈ। ਆਪਣੀ ਖੋਜ ਵਿਚ ਮੈਨੂੰ ਚਾਰ ਰੂਹਾਨੀ ''ਲੰਗਰਾਂ'' ਤੇ ਬਹੁਤ ਸਾਰੇ ਸਰਮਨ ਮਿਲੇ ਜੋ ਸਾਨੂੰ ਚੱਟਾਨਾਂ ਦੀ ਠੋਕਰ ਤੋਂ ਬਚਾਈ ਰੱਖ ਸਕਦੇ ਹਨ। ਲਿਖਤ ਵਿਚ ਇੱਕੋ ਹੀ ਰੂਹਾਨੀ ਲੰਗਰ ਭਾਵ ''ਆਸ਼ਾ'' (ਇਬਰਾਨੀਆਂ 6:19) ਦਾ ਜ਼ਿਕਰ ਹੋਣ ਕਰਕੇ ਸੂਚੀਆਂ ਬਹੁਤ ਹੀ ਕਾਲਪਨਿਕ ਹਨ। ਲਾਇਡ ਉਗਿਲਵੀ ਦਾ ਸੁਝਾਅ ਬੇਹੱਦ ਸੰਵੇਦਨਸ਼ੀਲ ਲੱਗਦਾ ਹੈ। ਉਹਨੇ ਕਿਹਾ, ''ਸ਼ਾਇਦ ਚਟਾਨਾਂ ਤੋਂ ਦੂਰ ਰਹਿਣ ਲਈ ਤੁਹਾਡੇ ਕੋਲ ਆਪਣੇ

ਲੰਗਰ ਹਨ।... *ਉਨ੍ਹਾਂ ਚਾਰ ਲੰਗਰਾਂ ਦੀ ਸੂਚੀ ਦੇਣਾ ਜਿਨ੍ਹਾਂ ਨੇ ਤੁਹਾਡੇ ਲਈ ਕੰਮ ਕੀਤਾ।*... ਬਹੁਤ ਹੀ ਔਖਾ ਹੈ [ਇਸ ਕਰਕੇ] ਲੋਕਾਂ ਨੂੰ ਉਨ੍ਹਾਂ ਦੇ [ਆਪਣੇ] ਲੰਗਰ ਪਛਾਣਨ ਲਈ ਕਹੋ।''[30]

---

ਟਿੱਪਣੀਆਂ

[1]ਜੌਨ ਪੋਲੋਕ, *ਦ ਅਪੋਸਟਲਜ਼: ਏ ਲਾਈਫ਼ ਆਫ ਪੌਲ* (ਵ੍ਹੀਟਨ, ਇਲਿਨੋਇਸ: ਸਕ੍ਰਿਪਚਰ ਪ੍ਰੈੱਸ ਪਬਲੀਕੇਸ਼ੰਜ਼, 1985), 280। [2]ਇਸ ਪਾਠ ਵਿਚ ਮੇਰੇ ਪੰਜ ਮੁੱਖ ਪੁਆਇੰਟ ''ਹਾਊ ਟੂ ਡਿਫ਼ੀਟ ਦ ਡਾਰਕਨੈੱਸ'' ਸਿਰਲੇਖ ਨਾਲ ਇਕ ਟੀ.ਵੀ. ਸਰਮਨ ਵਿਚ ਜੈਕ ਗ੍ਰਾਹਮ ਵੱਲੋਂ ਦਿੱਤੇ ਤਿੰਨ ਸੁਝਾਵਾਂ ਵਿੱਚੋਂ ਲਏ ਗਏ ਸਨ। [3]ਆਮ ਤੌਰ 'ਤੇ ਪ੍ਰਭੂ ਆਪ ਪੌਲੁਸ ਨੂੰ ਦਰਸ਼ਨ ਦਿੰਦਾ ਸੀ। ਯਿਸੂ ਦੀ ਥਾਂ ਫ਼ਰਿਸ਼ਤੇ ਨੂੰ ਸ਼ਾਇਦ ਇਸ ਲਈ ਭੇਜਿਆ ਗਿਆ ਸੀ ਕਿਉਂਕਿ ਪੌਲੁਸ ਦੇ ਨਾਲ ਸਫ਼ਰ ਕਰਨ ਵਾਲੇ ਮੂਰਤੀਪੂਜਕ ਸਾਥੀਆਂ ਨੂੰ ''ਯਿਸੂ ਨੇ ਮੈਨੂੰ ਕਿਹਾ'' ਨਾਲੋਂ ਵੱਧ ''ਫ਼ਰਿਸ਼ਤੇ ਨੇ ਮੈਨੂੰ ਕਿਹਾ'' ਅਸਾਨੀ ਨਾਲ ਸਮਝ ਆ ਜਾਣਾ ਸੀ। ਪਰ ਆਮ ਦਾ ਸੰਦੇਸ਼ ਉਹੀ ਸੀ (ਵੇਖੋ 18:9, 10; 23:11)। [4]ਇਸ ਸੰਦੇਸ਼ ਵਿਚ ਯਿਸੂ ਦੇ ਪਿਛਲੇ ਦਿਲਾਸੇ ਵਿਚ ਇਕ ਨਵੀਂ ਟਿੱਪਣੀ ਜੁੜ ਗਈ: ਯਿਸੂ ਨੇ ਕਿਹਾ ਸੀ ਕਿ ਪੌਲੁਸ ਰੋਮ ਵਿਚ ਜ਼ਰੂਰ ਜਾਵੇਗਾ (23:11); ਫ਼ਰਿਸ਼ਤੇ ਨੇ ਕਿਹਾ ਰੋਮ ਵਿਚ ਪੌਲੁਸ ਨੂੰ ਕੈਸਰ ਅੱਗੇ ਖੜਾ ਹੋਣਾ ਪਵੇਗਾ। [5]ਖ਼ੁਦਾ ਨੇ ਜਹਾਜ਼ ਦੇ ਸਭ ਲੋਕਾਂ ਨੂੰ ਪੌਲੁਸ ਨੂੰ ਇਸ ਅਰਥ ਵਿਚ ਨਹੀਂ ''ਦਿੱਤਾ'' ਸੀ ਕਿ ਉਹ ਸਭ ਮਸੀਹੀ ਬਣ ਜਾਣਗੇ, ਸਗੋਂ ਇਸ ਅਰਥ ਵਿਚ ਦਿੱਤਾ ਸੀ ਕਿ ਉਨ੍ਹਾਂ ਦੀਆਂ ਜਾਨਾਂ ਬਖ਼ਸ਼ੀਆਂ ਜਾਣਗੀਆਂ। ਐਫ਼.ਐਫ਼. ਬਰੂਸ ਨੇ ਟਿੱਪਣੀ ਕੀਤੀ ਹੈ, ''ਮਨੁੱਖੀ ਸਮਾਜ ਨੂੰ ਇਸ ਗੱਲ ਦਾ ਕੋਈ ਧਿਆਨ ਨਹੀਂ ਹੈ ਕਿ ਖ਼ੁਦਾ ਦੀ ਕਿਰਪਾ ਨਾਲ ਧਰਮੀ ਪੁਰਖਾਂ ਅਤੇ ਔਰਤਾਂ ਲਈ ਇਹ ਉਹਦਾ ਕਿੰਨਾਂ ਰਿਣੀ ਹੈ'' (*ਦ ਬੁੱਕ ਆਫ਼ ਐਕਟਸ,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ, ਸੋਧਿਆ ਅੰਕ, [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1988], 488)। ਕੁਧਰਮੀ ਲੋਕਾਂ ਨੂੰ ਰੱਖਣ ਵਿਚ ਖ਼ੁਦਾ ਦੇ ਧਰਮੀਆਂ ਦੀ ਮਦਦ ਕਰਨ ਦੀਆਂ ਹੋਰ ਉਦਾਹਰਨਾਂ ਲਈ, ਵੇਖੋ ਉਤਪਤ 18:26-32; 30:27; 39:5. [6]ਵੇਖੋ ਜ਼ਬੂਰਾਂ ਦੀ ਪੋਥੀ 34:18; 145:18; ਯਸ਼ਾਯਾਹ 41:10; 43:1-5; ਰੋਮੀਆਂ 8:38, 39. [7]ਇਸ ਨੂੰ ਯੂਨਾਨ ਅਤੇ ਇਟਲੀ ਵਿਚ ਪੈਂਦੇ ਅਦਰੀਆ ਸਮੁੰਦਰ ਨਾਲ ਸਮਝੋ। ਪੁਰਾਤਨ ਲੇਖਕਾਂ ਮੁਤਾਬਕ, ''ਅਦਰੀਆ ਦਾ ਸਮੁੰਦਰ'' ਭੂ-ਮੱਧ ਸਾਗਰ ਦੇ ਪੂਰਬੀ ਕੇਂਦਰੀ ਭਾਗ ਨੂੰ ਕਿਹਾ ਜਾਂਦਾ ਸੀ। [8]ਥਾਹ ਲੈਣ ਲਈ ਲਗਭਗ ਛੇ-ਛੇ ਫ਼ੁੱਟ ਲੰਮੇ ਗੰਢਾਂ ਪਏ ਰੱਸਿਆਂ ਦੀ ਵਰਤੋਂ ਕੀਤੀ ਜਾਂਦੀ ਸੀ। [9]ਉਨ੍ਹਾਂ ਨੇ ਜ਼ਿਆਦਾਤਰ ਲੰਗਰਾਂ ਦੀ ਵਰਤੋਂ ਪਥਰੀਲੀਆਂ ਥਾਵਾਂ 'ਤੇ ਪੈਣ ਤੋਂ ਬਚਣ ਲਈ ਕੀਤੀ। [10]ਉਨ੍ਹਾਂ ਲਈ ਜਹਾਜ਼ ਵਿਚ ਰੁਕਣ ਦੇ ਹੋਰ ਵੀ ਕਾਰਣ ਹੋਣਗੇ। ਸ਼ਾਇਦ ਖ਼ੁਦਾ ਦੇ ਵਾਅਦੇ ਕਿ ''ਕਿਸੇ ਦੀ ਜਾਨ ਦਾ ਨੁਕਸਾਨ ਨਹੀਂ ਹੋਵੇਗਾ'' (ਆਇਤ 22) ਨਾਲ ਉਨ੍ਹਾਂ ਨੇ ਅੰਦਾਜ਼ਾ ਲਾਇਆ ਕਿ ਉਹ ਸਭ ਇਕੱਠੇ ਰਹਿਣ।

[11]ਅਗਲੇ ਦਿਨ ਉਹ ਚਾਹੁੰਦੇ ਹੋਣਗੇ ਕਿ ਕੰਢੇ ਲੱਗ ਕੇ ਬੇੜੀ ਦੀ ਵਰਤੋਂ ਕਰੀਏ, ਪਰ ਉਨ੍ਹਾਂ ਦੇ ਇਸ ਕੰਮ ਵਿਚ ਰੁਕਾਵਟ ਪੈ ਗਈ। [12]ਸਰੀਰ ਨੂੰ ਤੰਦਰੁਸਤ ਰੱਖਣ ਦੇ ਵਿਚਾਰ ਨੂੰ ਵਿਸਤਾਰ ਦੇਣ ਲਈ ਇਹ ਸਹੀ ਥਾਂ ਹੋ ਸਕਦੀ ਹੈ। ਮੇਰਾ ਤਜ਼ਰਬਾ ਰਿਹਾ ਹੈ ਕਿ ਗੰਭੀਰ ਜਜ਼ਬਾਤੀ ਉਥਲ-ਪੁਥਲ ਝੱਲ ਰਹੇ ਲੋਕਾਂ ਨੂੰ ਆਮ ਤੌਰ 'ਤੇ ਜ਼ਿਸਮਾਨੀ ਮੁਸ਼ਕਲਾਂ ਆਉਂਦੀਆਂ ਹਨ। ਜਿਨ੍ਹਾਂ ਨਾਲ ਉਨ੍ਹਾਂ ਦੇ ਜਜ਼ਬਾਤੀ ਹਾਲਾਤ 'ਤੇ ਅਸਰ ਪੈਂਦਾ ਹੈ। [13]ਉਨ੍ਹਾਂ ਨੇ ਥੋੜ੍ਹਾ ਬਹੁਤ ਤਾਂ ਖਾਧਾ ਹੋਵੇਗਾ ਪਰ ਢਿੱਡ ਭਰ ਕੇ ਉਨ੍ਹਾਂ ਨੂੰ ਨਹੀਂ ਮਿਲਿਆ ਹੋਵੇਗਾ (ਪਿਛਲੇ ਪਾਠ ਵਿਚ ਆਇਤ 21 'ਤੇ ਨੋਟਸ ਵੇਖੋ)। ਪੌਲੁਸ ਦੇ ਸ਼ਬਦਾਂ ਦਾ ਅਰਥ ਉਸੇ ਤਰ੍ਹਾਂ ਲੈਣਾ ਚਾਹੀਦਾ ਹੈ ਜਿਵੇਂ ਕੋਈ ਮਾਂ ਆਪਣੇ ਬੱਚੇ ਨੂੰ ਖਾਣੇ ਨੂੰ ਹੱਥ ਵੀ ਨਾ ਲਾਉਣ 'ਤੇ ਡਾਂਟ ਕੇ ਆਖਦੀ ਹੈ, ''ਤੂੰ ਅਜੇ ਤਕ ਇਕ ਬੁਰਕੀ ਵੀ ਨਹੀਂ ਖਾਧੀ!'' ਸੁਝਾਅ ਦਿੱਤਾ ਗਿਆ ਹੈ ਕਿ ਜਹਾਜ਼ ਦੇ ਮਲਾਹਾਂ ਦੇ ਬੁੱਤਪ੍ਰਸਤ ਮੈਂਬਰ ਅਤੇ ਸਵਾਰੀਆਂ ਆਪੋ ਆਪਣੇ ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਫਾਕੇ ਰੱਖੀ ਬੈਠੇ ਸਨ, ਪਰ ਬਾਈਬਲ ਵਿਚ ਇਹਦਾ ਕੋਈ ਸੰਕੇਤ ਨਹੀਂ ਹੈ। [14]ਇਹ ਇਕ ਮਸ਼ਹੂਰ ਕਹਾਵਤ ਹੈ (1 ਸਮੂਏਲ 14:45; 2 ਸਮੂਏਲ 14:11; 1 ਰਾਜਿਆਂ 1:52; ਲੂਕਾ 21:18)। [15]ਇਹ ਪ੍ਰਭੂ ਭੋਜ ਨਹੀਂ ਬਲਕਿ ਆਮ ਖਾਣਾ ਸੀ। [16]ਲੂਕਾ ਨੇ ਇਹ ਲਿਖਣ ਲਈ ਕਿ ''ਅਸੀਂ ਸਰਬੱਤ ਦੋ ਸੌ

ਛਿਹੱਤਰ'' ਸਾਂ, ਆਇਤ 37 ਤਕ ਉਡੀਕ ਕੀਤੀ। ਸ਼ਾਇਦ ਉਸ ਵਕਤ ਕਿਸੇ ਨੇ ਇਹ ਵੇਖਣ ਲਈ ਕਿ ਸ਼ਾਹ ਵੇਲੇ ਲਈ ਕਿੰਨਾਂ ਖਾਣਾ ਚਾਹੀਦਾ ਹੈ ਜਾ ਕੰਢੇ ਤਕ ਪਹੁੰਚ ਕੇ ਹਿਸਾਬ ਲਾਉਣ ਲਈ ਕਿ ਕੋਈ ਰਹਿ ਤਾਂ ਨਹੀਂ ਗਿਆ, ਸਭ ਦੀ ਗਿਣਤੀ ਕੀਤੀ। [17]ਪੌਲੁਸ ਤੋਂ ਸਿੱਖ ਕੇ ਅਸੀਂ ਵੀ ਆਮ ਲੋਕਾਂ ਵਿਚ ਕੁਝ ਖਾਣ ਲੱਗਿਆਂ ਖ਼ੁਦਾ ਦਾ ਸ਼ੁਕਰ ਕਰ ਸਕਦੇ ਹਾਂ! [18]ਇਹ ਉਨ੍ਹਾਂ ਕੁਝ ਕੁ ਮੌਕਿਆਂ ਵਿੱਚੋਂ ਲਗਦਾ ਹੈ ਜਦ ਰਵਾਇਤੀ ਥਾਂ ਦੀ ਸਹੀ ਜਗ੍ਹਾ ਦੱਸੀ ਗਈ। ਬਹੁਤ ਸਾਰੇ ਅਧਿਕਾਰੀ ਮੰਨਦੇ ਹਨ ਕਿ ਮਾਲਟਾ ਦੇ ਉੱਤਰ ਪੂਰਬੀ ਕੰਢੇ 'ਤੇ ''ਸੇਂਟ ਪੌਲ'ਜ਼ ਬੇ'' ਹੀ ਉਹ ਥਾਂ ਹੈ ਜਿੱਥੇ ਪੌਲੁਸ ਅਤੇ ਹੋਰ ਲੋਕ ਕੰਢੇ ਪਹੁੰਚੇ ਸਨ। [19]''ਪੌਲ'' ਸਟੇਰਿੰਗ ਵਾਂਗ ਅੱਗੇ ਧੱਕਣ ਲਈ (ਜਹਾਜ਼ ਵਾਂਗ ਨਹੀਂ ਜਿਸ ਨਾਲ ਮੁੱਖ ਤੌਰ 'ਤੇ ਧੱਕਣ ਲਈ ਵਰਤਿਆ ਜਾਂਦਾ ਸੀ) ਜਹਾਜ਼ ਦੇ ਅੱਗੇ ਲੱਗਾ ਹੁੰਦਾ ਸੀ। [20]ਆਹਮੋ ਸਾਹਮਣਿਊਂ ਵਹਿਣ ਵਾਲੇ ਦੋ ਵਿਸ਼ਾਲ ਸਮੁੰਦਰਾਂ 'ਚੋਂ ਰੇਤ ਅਤੇ/ਜਾਂ ਚਟਾਨਾਂ ਪਾਣੀ ਨਾਲ ਹੇਠਾਂ ਇਕੱਠੀਆਂ ਹੋ ਗਈਆਂ ਸਨ, ਜਿਸ ਨੂੰ ਮਲਾਹ ਵੇਖ ਨਹੀਂ ਪਾਉਂਦੇ ਸਨ। ਮਾਲਟੇ ਵਿਚ ਰਵਾਇਤੀ ''ਸੇਂਟ ਪੋਲ'ਜ਼ ਬੇ'' ਵਿਚ ਅਜਿਹੇ ਹਾਲਾਤ ਮਿਲਦੇ ਹਨ।

[21]*ਟਰੁੱਥ ਫ਼ਾਰ ਟੁਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 3'' ਦੇ ਪਾਠ ''ਮਿਸ਼ਨਰੀ ਕੰਮ ਦੀ ਕੌੜੀ ਮਿਠਾਸ'' ਵਿਚ ਰਸੂਲਾਂ ਦੇ ਕੰਮ 12:19 ਅਤੇ *ਟਰੁੱਥ ਫ਼ਾਰ ਟੁਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 4'' ਦੇ ''ਖ਼ੁਦਾ ਦੀ ਮਦਦ ਨਾਲ ਬਦਲਦੀਆ ਜ਼ਿੰਦਗੀਆਂ'' ਪਾਠ ਵਿਚ ਰਸੂਲਾਂ ਦੇ ਕੰਮ 16:27 'ਤੇ ਨੋਟਸ ਵੇਖੋ। [22]''ਸ਼ੇਰ ਦਾ ਨਿਵਾਲਾ''= ਸ਼ੇਰ ਦਾ ਖਾਣਾ। ਪਿਛਲੇ ਪਾਠ ਵਿਚ ਰਸੂਲਾਂ ਦੇ ਕੰਮ 27:1 'ਤੇ ਨੋਟਸ ਵੇਖੋ। [23]ਅਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਸੂਬੇਦਾਰ ਕਿਸੇ ਹੋਰ ਕੈਦੀ ਬਾਰੇ ਫ਼ਿਕਰਮੰਦ ਸੀ। ਦੂਜੇ ਕੈਦੀਆਂ ਦੀਆਂ ਜ਼ਿੰਦਗੀਆਂ ਇਕ ਵਾਰ ਫੇਰ ਪੌਲੁਸ ਦੀਆਂ ਕਰਜ਼ਦਾਰ ਸਨ। [24]ਸ਼ਾਇਦ ਸੂਬੇਦਾਰ ਨੂੰ ਸਿਪਾਹੀਆਂ ਦੀ ਯੋਜਨਾ ਅਚਾਨਕ ਪਤਾ ਲੱਗੀ ਅਤੇ ਉਹਨੇ ਉਨ੍ਹਾਂ ਨੂੰ ਰੋਕ ਦਿੱਤਾ, ਜਾਂ ਸ਼ਾਇਦ ਸਿਪਾਹੀਆਂ ਨੇ ਕੈਦੀਆਂ ਨੂੰ ਕਤਲ ਕਰਨ ਦੀ ਇਜਾਜ਼ਤ ਮੰਗੀ ਅਤੇ ਯੂਲੀਉਸ ਨੇ ''ਨਾਂਹ'' ਕਰ ਦਿੱਤੀ। ਬਾਅਦ ਵਾਲੀ ਗੱਲ ਬਹੁਤੀ ਸਹੀ ਲਗਦੀ ਹੈ। [25]ਸੁਝਾਅ ਦਿੱਤਾ ਗਿਆ ਹੈ ਕਿ ਉਹਦੇ ਕੋਲ ਕੁਝ ਅਜਿਹੇ ਸਿਪਾਹੀ ਸਨ ਜੋ ਤੈਰ ਕੇ ਅੱਗੇ ਜਾ ਸਕਦੇ ਸਨ, ਤਾਂ ਜੋ ਕੰਢੇ ਤਕ ਪਹੁੰਚਣ 'ਤੇ ਕੈਦੀਆਂ ਨੂੰ ਫੜ੍ਹਿਆ ਜਾ ਸਕੇ। [26]ਤਿੰਨ ਵਾਰ ਜਹਾਜ਼ ਟੁੱਟਣ 'ਤੇ ਵੀ ਬਚ ਨਿੱਕਲਣ ਕਰਕੇ ਪੌਲੁਸ ਨੇ ਉਨ੍ਹਾਂ ਨੂੰ ਸੁਝਾਅ ਦਿੱਤਾ ਹੋਵੇਗਾ। ਪੌਲੁਸ ਡੁੱਬ ਚੁੱਕੇ ਜਹਾਜ਼ ਦੇ ਕਚਰੇ ਦਾ ਆਸਰਾ ਲੈ ਕੇ ''ਇਕ ਦਿਨ ਰਾਤ ਸਮੁੰਦਰ ਵਿਚ'' ਕੱਟ ਕੇ ਵੀ ਬਚ ਗਿਆ ਸੀ (2 ਕੁਰਿੰਥੀਆਂ 11:25)। [27]ਵੇਖੋ 2 ਥੱਸਲੁਨੀਕੀਆਂ 3:16; ਜ਼ਬੂਰਾਂ ਦੀ ਪੋਥੀ 29:11 ਵੇਖੋ; ਯੂਹੰਨਾ 14:27; 16:33; ਰੋਮੀਆਂ 1:7; 2:10; ਕੁਲੁੱਸੀਆਂ 3:15. [28]ਜੇ ਇਸ ਪਾਠ ਦੀ ਵਰਤੋਂ ਸਰਮਨ ਦੇ ਰੂਪ ਵਿਚ ਕੀਤੀ ਜਾਵੇ ਤਾਂ ਚੌਥੇ ਸੁਝਾਅ ਦਾ ਸੱਦਾ ਦਿੱਤਾ ਜਾ ਸਕਦਾ ਹੈ ਕਿ ''ਯੋਜਨਾ ਪੂਰੀ ਕਰੋ।'' ਕਲੀਸੀਆ ਤੋਂ ਬਾਹਰਲੇ ਪਾਪੀ ਲਈ ਖ਼ੁਦਾ ਦੀ ''ਯੋਜਨਾ'' ਹੈ ਕਿ ਉਹ ਵਿਸ਼ਵਾਸ ਕਰੇ, ਤੌਬਾ ਕਰੇ ਅਤੇ ਬਪਤਿਸਮਾ ਲਵੇ (ਮਰਕੁਸ 16:15, 16; ਰਸੂਲਾਂ ਦੇ ਕੰਮ 2:38)। [29]ਸਦਰਨ ਹਿੱਲਜ਼ ਚਰਚ ਆਫ਼ ਕ੍ਰਾਈਸਟ, ਅਬਿਲੇਨ, ਟੈਕਸਸ ਵਿਚ 19 ਅਪ੍ਰੈਲ 1987 ਨੂੰ ਦਿੱਤੇ ਰਿੱਕ ਐਚਲੇ ਦੇ ਸੰਦੇਸ਼ ''ਐਂਕਰਸ ਫ਼ਾਰ ਦ ਐਂਕਸ਼ਿਅਸ'' ਵਿੱਚੋਂ ਲਿਆ ਗਿਆ ਹੈ। [30]ਲਾਇਡ ਓਗਿਲਵੀ, *ਦ ਕਮਿਊਨੀਕੇਟਰ'ਜ਼ ਕਮੈਂਟਰੀ,* ਅੰਕ 5, *ਐਕਟਸ* (ਡੈਲੇਸ: ਵਰਡ ਪਬਲਿਸ਼ਿੰਗ, 1983), 349.

© 2009 Truth for Today